ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7l

awazeqaumtvpunjab@gmail.com

ਬੁੱਧਵਾਰ, 1 ਜਨਵਰੀ 2025 (ਨਾਨਕਸ਼ਾਹੀ ਸੰਮਤ : ੫੫੬, ੧੮ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## 'ਆਵਾਜ਼ਿ ਕੌਮ' ਦੇ ਸਮੂਹ ਪਾਠਕਾਂ ਅਤੇ ਦੇਸ਼-ਵਿਦੇਸ਼ 'ਚ ਵਸਦੀਆਂ ਸੰਗਤਾਂ ਨੂੰ

# ਨਵੇਂ ਵਰ੍ਹੇ 2025 ਦੀਆਂ ਲੱਖ-ਲੱਖ ਮੁਬਾਰਕਾਂ



# ਚੜ੍ਹਦੇ ਸਾਲ ਦਾ ਸ਼ਹੀਦ !

# ਜੱਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਜੀ ਦੀ ਸ਼ਹੀਦੀ ਨੂੰ ਕੋਟਿਨ-ਕੋਟਿ ਪ੍ਰਣਾਮ ਕਰਦੇ ਹਾਂ

## ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਭਾਈ ਗੁਰਦੇਵ ਸਿੰਘ ਕਉਕੇ ਦੀ ਸ਼ਹੀਦੀ



25 ਦਸੰਬਰ 1992 ਜਗਰਾਉਂ ਦੇ ਨੇੜੇ ਪ੍ਰਸਿੱਧ ਪਿੰਡ ਕਾਉਂਕੇ ਦੇ ਗੁਰਦੁਆਰਾ ਸਾਹਿਬ ਸਥਾਨਕ ਸੰਗਤ ਜਦੋਂ ਗੁਰਦੁਆਰਾ ਸਾਹਿਬ ਦੇ ਅੰਦਰੋਂ ਭਾਈ ਗੁਰਦੇਵ ਸਿੰਘ ਕਾਉਂਕੇ ਤੋਂ ਗੁਰ ਸ਼ਬਦ ਦੀ ਕਥਾ ਸਰਵਣ ਕਰ ਰਹੀ ਸੀ ਤਾਂ ਓਸੇ ਹੀ ਸਮੇਂ ਪੁਲਿਸ ਦੀ ਇਕ ਟੋਲੀ ਗੁਰਦੁਆਰਾ ਸਾਹਿਬ ਨੂੰ ਚਾਰ -ਪਾਸਿਓਂ ਘੇਰਨ ਲੱਗੀ ਹੋਈ ਸੀ।

ਸਮਾਪਤੀ ਪਿਛੋਂ ਜਿਉ ਹੀ ਸੰਗਤਾਂ ਦੇ ਗੁਰਦੁਆਰਾ ਸਾਹਿਬ ਤੋਂ ਬਾਹਰ ਨਿਕਲੇ ਤਾਂ ਪੁਲਿਸ ਦੀ ਟੋਲੀ ਨੇ ਅੱਗੇ ਵਧ ਕੇ ਭਾਈ ਕਾਉਂਕੇ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ ।ਪਿੰਡ ਦੇ ਲੋਕ ਰੋਹ ਵਿੱਚ ਆ ਗਏ।ਦਿੱਲੀ ਤਖਤ ਤੋਂ ਵੀ ਵੱਡੇ ਤਖਤ ਦੇ ਜਥੇਦਾਰ ਨੂੰ ਹਿੰਦੁਸਤਾਨੀ ਪੁਲਿਸ ਦੀ ਟੋਲੀ ਅਜ ਗ੍ਰਿਫਤਾਰ ਕਰਨ ਆਈ ਸੀ।

ਭਾਈ ਕਾਉਂਕੇ ਨੇ ਸੰਗਤ ਨੂੰ ਸ਼ਾਂਤ ਕੀਤਾ ਅਤੇ ਸ਼ਾਂਤ ਚਿੱਤ ਹੀ ਪੁਲਿਸ ਨਾਲ ਤੁਰ ਪਏ ਭਾਈ ਕਾਉਂਕੇ ਦਾ ਇਲਾਕੇ ਦੀ ਸੰਗਤ ਅਥਾਹ ਸਤਿਕਾਰ ਕਰਦੀ ਸੀ ।

ਇਲਾਕੇ ਦੇ ਝਗੜੇ ਅਦਾਲਤਾਂ ਵਿੱਚ ਨਹੀਂ ਸੀ ਜਾਂਦੇ ਬਲਕਿ ਭਾਈ ਸਾਹਿਬ ਕੋਲ ਆਉਂਦੇ ਸਨ ਤੇ ਉਹ ਹਰ ਮਸਲੇ ਦਾ ਵਧੀਆ ਹਲ ਕਢ ਕੇ ਇਹ ਝਗੜੇ ਨਿਬੇੜਦੇ ਸਨ।ਸਾਇਦ ਇਸੇ ਹੀ ਕਾਰਨ ਹਕੂਮਤ ਦੇ ਵਫਾਦਾਰ ਕਰਿੰਦੇ ਆਪ ਉੱਪਰ ਦੰਦੀਆਂ ਪੀਹ ਰਹੇ ਸਨ।ਭਾਈ ਸਾਹਿਬ ਨੂੰ ਗ੍ਰਿਫਤਾਰ ਕਰਨ ਵਾਲੀ ਟੋਲੀ ਦੀ ਅਗਵਾਈ ਇੰਸਪੈਕਟਰ ਗੁਰਮੀਤ ਸਿੰਘ ਕਰ ਰਿਹਾ ਸੀ।

ਪਰਿਵਾਰ ਅਤੇ ਹੋਰ ਸਥਾਨਕ ਸਿੱਖ ਲੀਡਰ ਜਦੋਂ ਭਾਈ ਸਾਹਿਬ ਦਾ ਪਤਾ ਕਰਨ ਲਈ ਥਾਣਿਆਂ ਵਿਚ ਜਾਣ ਲੱਗੇ ਤਾਂ ਉਹਨਾਂ ਵਿਚੋਂ ਕਿਸੇ ਨੂੰ ਵੀ ਭਾਈ ਸਾਹਿਬ ਨਾਲ ਨਾ ਮਿਲਾਇਆ ਗਿਆ

ਇਹਨਾਂ ਦਿਨਾਂ ਵਿੱਚ ਭਾਈ ਸਾਹਿਬ ਉੱਪਰ ਜੋ ਕਹਿਰ ਢਾਹਿਆ ਗਿਆ ਉਸ ਬਾਰੇ ਭਾਂਡਾ ਸਿਪਾਹੀ ਦਰਸ਼ਨ ਸਿੰਘ ਨੇ ਭੰਨਿਆ।

ਭਾਈ ਗੁਰਦੇਵ ਸਿੰਘ ਕਾਉਂਕੇ ਉੱਪਰ ਤਸ਼ੱਦਦ ਦੀ ਅੱਖੀ ਡਿੱਠੀ ਗਾਥਾ ਨੂੰ ਬਿਆਨ ਕਰਦਿਆਂ ਸਿਪਾਹੀ ਦਰਸ਼ਨ ਸਿੰਘ ਦੱਸਦਾ ਹੈ,,,,

ਮੇਰੇ ਸਾਹਮਣੇ ਐਸ ਐਸ ਪੀ ਸਵਰਨ ਘੋਟਣਾ ਕੁਰਸੀ ਤੇ ਬੈਠਾ ਸੀ। ਡੀ ਐਸ ਪੀ ਹਰਭਗਵਾਨ ਸੋਢੀ ਤੇ ਇੰਸਪੈਕਟਰ ਗੁਰਮੀਤ ਵੀ ਖੜੇ ਸੀ।ਜਦ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਨਿਰਵਸਤਰ ਕਰ ਕੇ ਹਥ ਪਿੱਛੇ ਬੰਨ ਕੇ ਛਤ ਨਾਲ ਲਟਕਾਇਆ ਹੋਇਆ ਸੀ,ਘੋਟਣੇ ਦਾ ਡਰਾਈਵਰ ਚੰਨਣ ਸਿੰਘ ਭਾਈ ਸਾਹਿਬ ਦੇ ਗਿਟਿਆ ਤੇ ਡਾਂਗਾਂ ਮਾਰ ਰਿਹਾ ਸੀ ਪਰ ਪੰਥ ਦੀ ਇਹ ਸਿਰਮੌਰ ਸਖਸ਼ੀਅਤ ਅੱਖਾਂ ਬੰਦ ਕਰ ਕੇ ਸਿਮਰਨ ਚ ਲੀਨ ਸੀ ਇੰਸਪੈਕਟਰ ਗੁਰਮੀਤ ਨੇ ਭਾਈ ਸਾਹਿਬ ਨੂੰ ਕੇਸਾਂ ਤੋ ਫੜ ਲਿਆ ਤੇ ਪਿੱਠ ਪਿੱਛੇ ਬੰਨੀਆ ਬਾਹਵਾਂ ਵਿਚੋਂ ਲੱਤ ਲੰਘਾ ਲਈ।ਫਿਰ ਚੰਨਣ ਤੇ ਡੀ ਐਸ ਪੀ ਹਰਭਗਵਾਨ ਸੋਢੀ ਨੇ ਖੁਦ ਭਾਈ ਸਾਹਿਬ ਦੀਆਂ ਲੱਤਾਂ ਖਿੱਚਣੀਆਂ ਅਰੰਭ ਕੀਤੀਆਂ ।ਇਸ ਤਰ੍ਹਾਂ ਦੇ ਅਥਾਹ ਤਸ਼ੱਦਦ ਵਿੱਚ ਵੀ ਭਾਈ ਗੁਰਦੇਵ ਸਿੰਘ ਕਾਉਂਕੇ ਚੜ੍ਹਦੀ ਕਲਾ ਵਿਚ ਸਨ।ਘੋਟਣਾ ਵਾਰ ਵਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਪੁਛਦਾ ਸੀ ਕਿ ਲੋਕਾਂ ਚ ਤੂੰ ਕਚਹਿਰੀ ਕਿਸ ਹੈਸੀਅਤ ਚ ਲਾਉਨੈਂ ਤੇਰੇ ਖਾੜਕੂਆਂ ਨਾਲ ਜਰੂਰ ਸੰਬੰਧ ਹਨ ਫਿਰ ਪੁਲਿਸ ਮੁਲਾਜ਼ਮ ਦਰਸ਼ਨ ਸਿੰਘ ਦੱਸਦਾ ਹੈ ਕਿ ਤਸ਼ੱਦਦ ਨਾਲ ਭਾਈ ਗੁਰਦੇਵ ਸਿੰਘ ਕਾਉਂਕੇ ਦਾ ਸਰੀਰ ਨੀਲਾ ਹੋ ਗਿਆ ਸੀ।ਉਹ ਸਹਿਕ ਰਹੇ ਸਨ ਜਦੋਂ ਉਹਨਾਂ ਦੇ ਸਰੀਰ ਦੇ ਟੋਟੇ ਟੋਟੇ ਕਰ ਕੇ ਘੋਟਣੇ ਦੀ ਅਗਵਾਈ ਵਿੱਚ 1 ਜਨਵਰੀ 1993 ਨੂੰ ਹਿੰਦੁਸਤਾਨੀ ਫੋਰਸਾਂ ਨੇ ਕੰਨੀਆਂ ਗੁਰਦੁਆਰਾ ਸਾਹਿਬ ਕੋਲ ਦਰਿਆ ਵਿਚ ਰੋੜ ਦਿੱਤੇ 3 ਜਨਵਰੀ 1993 ਨੂੰ ਹਿੰਦੁਸਤਾਨੀ ਫੋਰਸਾਂ ਨੇ ਐਲਾਨ ਕੀਤਾ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਪੁਲਿਸ ਦੀ ਹਿਰਾਸਤ ਵਿਚੋਂ ਫਰਾਰ ਗਏ ਹਨ ਜਦ ਕਿ ਸਿੰਘ ਸਾਹਿਬ ਨੂੰ ਪੁਲਿਸ ਨੇ ਸ਼ਹੀਦ ਕਰ ਦਿੱਤਾ ਸੀ। ਅਸੀਂ ਉਸ ਮਹਾਨ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਆਂ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 1 ਜਨਵਰੀ 2025 (ਨਾਨਕਸ਼ਾਹੀ ਸੰਮਤ : ੫੫੬, ੧੮ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਕਿਸੇ ਵੀ ਤਰ੍ਹਾਂ ਦੇ ਫ਼ੈਸਲੇ ਨੂੰ ਲਟਕਾ ਕੇ ਰੱਖਣ ਲਈ ਸਮਾਂ ਵਧਾਇਆ ਗਿਆ : ਗਿਆਨੀ ਹਰਪ੍ਰੀਤ ਸਿੰਘ

**ਬਠਿੰਡਾ, 31 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗਿਆਨੀ ਹਰਪ੍ਰੀਤ ਸਿੰਘ ਦੇ ਮਾਮਲੇ 'ਚ ਜਾਂਚ ਕਮੇਟੀ ਦਾ ਸਮਾਂ ਇਕ ਮਹੀਨਾ ਵਧਾ ਦਿੱਤਾ ਹੈ। ਇਸ ਬਾਰੇ ਗਿਆਨੀ ਹਰਪ੍ਰੀਤ ਸਿੰਘ ਨੇ ਬਿਆਨ ਦਿੰਦਿਆਂ ਕਿਹਾ ਕਿ ਮੈਨੂੰ ਹੁਣੇ ਪਤਾ ਲੱਗਿਆ ਹੈ ਕਿ ਮੇਰੇ ਖ਼ਿਲਾਫ਼ ਜਾਂਚ ਕਰਨ ਲਈ ਜਿਹੜੀ ਅਣ-ਅਧਿਕਾਰਤ ਕਮੇਟੀ ਬਣਾਈ ਗਈ ਸੀ, ਉਸ ਦੀ ਜਾਂਚ ਦਾ ਇਕ ਮਹੀਨੇ ਦਾ ਸਮਾਂ ਵਧਾ ਦਿੱਤਾ ਗਿਆ ਹੈ। ਮੈਨੂੰ ਲੱਗਦਾ ਹੈ ਕਿ ਇਕ ਮਹੀਨੇ ਦਾ ਸਮਾਂ ਕਮੇਟੀ ਦਾ ਨਹੀਂ ਵਧਾਇਆ, ਸਗੋਂ ਮੈਨੂੰ ਇਕ ਮਹੀਨੇ ਦਾ ਸਮਾਂ ਦਿੱਤਾ ਹੈ ਤਾਂ ਜੋ ਮੇਰੇ ਮਾਮਲੇ 'ਚ ਕਿਸੇ ਵੀ ਤਰ੍ਹਾਂ ਦੇ ਫ਼ੈਸਲੇ ਨੂੰ ਲਟਕਾ ਕੇ ਰੱਖਿਆ ਜਾਵੇ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੈਂ ਇਕ ਗੱਲ ਸਪੱਸ਼ਟ ਤੌਰ 'ਤੇ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਕੋਈ ਪਰਵਾਹ ਨਹੀਂ ਹੈ। ਮੇਰੇ 'ਤੇ ਦੋਸ਼ ਲਾਏ ਗਏ ਹਨ। ਇਨ੍ਹਾਂ ਦੋਸ਼ਾਂ ਅਧੀਨ ਭਾਵੇਂ ਮੇਰੀਆਂ ਸੇਵਾਵਾਂ ਖ਼ਤਮ ਕਰ ਦਿਓ, ਮੈਨੂੰ ਕੋਈ ਦੁੱਖ ਨਹੀਂ ਹੈ। ਉਨ੍ਹਾਂ ਕਿਹਾ ਕਿ ਮੈਂ 2 ਦਸੰਬਰ ਨੂੰ ਪੰਜ ਸਿੰਘ ਸਾਹਿਬਾਨਾਂ ਦੇ ਫ਼ੈਸਲੇ 'ਚ ਸ਼ਾਮਲ ਹੋਇਆ ਸੀ। ਉਨ੍ਹਾਂ ਕਿਹਾ ਕਿ ਮੈਂ ਅਡੋਲ ਰਹਾਂਗਾ ਅਤੇ ਕਿਸੇ ਤਰ੍ਹਾਂ ਦੀ ਘਬਰਾਹਟ ਜਾਂ ਚਿੰਤਾ 'ਚ ਨਹੀਂ ਪਵਾਂਗਾ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸੰਘਰਸ਼ ਬੰਦੇ ਨੂੰ ਜਿਊਣਾ ਅਤੇ ਲੜਨਾ ਸਿਖਾਉਂਦੇ ਹਨ। ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਅਪੀਲ ਕਰਦਿਆਂ ਕਿਹਾ ਕਿ ਅਕਾਲੀ ਦਲ ਸਿੱਖਾਂ ਦੀ ਖੇਤਰੀ ਪਾਰਟੀ ਹੈ ਅਤੇ ਨੁਮਾਇੰਦਾ ਜੱਥੇਬੰਦੀ ਹੈ। ਜੇਕਰ ਇਹ ਬਚਦੀ ਹੈ ਤਾਂ ਇਸ ਨੂੰ ਬਚਾ ਲਓ। ਇਸ ਨੂੰ ਬਚਾਉਣ ਲਈ ਅਕਾਲੀ ਆਗੂ ਡੱਟ ਕੇ ਪਹਿਰਾ ਦੇਣ, ਜਿਵੇਂ ਪੁਰਾਣੇ ਅਕਾਲੀ ਆਪਣੀ ਪੰਥਕ ਜਮਾਤ ਨੂੰ ਮਜ਼ਬੂਤ ਕਰਨ ਲਈ ਦਿੰਦੇ ਸਨ।



## ਐਡਵੋਕੇਟ ਧਾਮੀ ਦੀ ਅਗਵਾਈ 'ਚ ਹੋਈ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ

# ਸ. ਨਰਾਇਣ ਸਿੰਘ ਚੌੜਾ ਨੂੰ ਪੰਥ 'ਚੋਂ ਛੇਕਣ ਦੀ ਮੰਗ ਦਾ ਮਤਾ ਕੀਤਾ ਰੱਦ



**ਅੰਮ੍ਰਿਤਸਰ, 31 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਬੀਤੇ ਦਿਨੀਂ ਯੂਪੀ ਅੰਦਰ ਪੰਜਾਬ ਦੇ ਤਿੰਨ ਨੌਜੁਆਨਾਂ ਨੂੰ ਮੁਕਾਬਲਾ ਬਣਾ ਕੇ ਮਾਰਨ ਦੀ ਕਰੜੀ ਨਿੰਦਾ ਕਰਦਿਆਂ ਇਸ ਸਾਰੇ ਮਾਮਲੇ ਦੀ ਨਿਆਂਇਕ ਜਾਂਚ ਮੰਗੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਹੋਈ ਇਸ ਇਕੱਤਰਤਾ ਦੌਰਾਨ ਯੂਪੀ 'ਚ ਪੁਲਿਸ ਮੁਕਾਬਲੇ ਸਬੰਧੀ ਇਕ ਮਤਾ ਪਾਸ ਕਰਦਿਆਂ ਇਸ 'ਤੇ ਕਰੜੇ ਸਵਾਲ ਚੁੱਕੇ ਹਨ। ਮਤੇ ਵਿਚ ਕਿਹਾ ਗਿਆ ਕਿ ਇਹ ਬੇਹੱਦ ਸੰਜੀਦਾ ਮਾਮਲਾ ਹੈ ਅਤੇ ਬਹੁਤ ਛੋਟੀ ਉਮਰ ਦੇ ਪੰਜਾਬ ਦੇ ਨੌਜੁਆਨਾਂ ਨੂੰ ਜਾਣਬੁਝ ਕੇ ਨਿਸ਼ਾਨਾ ਬਣਾਉਣ ਵਰਗੀ ਹਰਕਤ ਜਾਪਦੀ ਹੈ। ਇਸ ਦੀ ਨਿਆਂਇਕ ਜਾਂਚ ਕੀਤੀ ਜਾਣੀ ਚਾਹੀਦੀ ਹੈ, ਜਿਸ ਵਾਸਤੇ ਅੱਜ ਦੀ ਅੰਤ੍ਰਿੰਗ ਕਮੇਟੀ ਪੁਰਜ਼ੋਰ ਮੰਗ ਕਰਦੀ ਹੈ।



## ☛ ਯੂਪੀ ਅੰਦਰ ਪੰਜਾਬ ਦੇ ਤਿੰਨ ਨੌਜੁਆਨਾਂ ਦੇ ਪੁਲਿਸ ਮੁਕਾਬਲੇ ਦੀ ਹੋਵੇ ਨਿਆਂਇਕ ਜਾਂਚ ☛ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਮਾਮਲੇ ਵਿਚ ਜਾਂਚ ਕਮੇਟੀ ਦਾ ਸਮਾਂ ਇਕ ਮਹੀਨਾ ਵਧਾਇਆ

ਅੰਤ੍ਰਿੰਗ ਕਮੇਟੀ ਨੇ ਬੀਤੇ 9 ਦਸੰਬਰ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੇ ਉਸ ਮਤੇ ਨੂੰ ਵੀ ਰੱਦ ਕਰ ਦਿੱਤਾ ਹੈ, ਜਿਸ ਵਿਚ ਸ. ਨਰਾਇਣ ਸਿੰਘ ਚੌੜਾ ਨੂੰ ਪੰਥ ਵਿੱਚੋਂ ਛੇਕਣ ਦੀ ਮੰਗ ਕੀਤੀ ਗਈ ਸੀ। ਇਸ ਦੇ ਨਾਲ ਹੀ ਇਕ ਮਤਾ ਪਾਸ ਕਰਕੇ 19 ਦਸੰਬਰ ਦੀ ਅੰਤ੍ਰਿੰਗ ਕਮੇਟੀ ਇਕੱਤਰਤਾ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਬੰਧੀ ਬਣਾਈ ਗਈ ਜਾਂਚ ਕਮੇਟੀ ਦੀ ਮਿਆਦ ਵਿਚ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਚੋਣਾਂ ਦੇ ਮੱਦੇਨਜ਼ਰ ਫਿਲਹਾਲ ਇਕ ਮਹੀਨੇ ਦਾ ਵਾਧਾ ਕੀਤਾ ਗਿਆ ਹੈ। ਇਸ ਮਤੇ ਰਾਹੀਂ ਇਹ ਵਚਨਬੱਧਤਾ ਵੀ ਪ੍ਰਗਟਾਈ ਗਈ ਹੈ ਕਿ ਇਸ ਮਾਮਲੇ ਦੀ ਜਾਂਚ ਬਿਲਕੁਲ ਨਿਰਪੱਖ ਹੋਵੇਗੀ। ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਚਲਾਣੇ 'ਤੇ ਵੀ ਸ਼ੋਕ ਮਤਾ ਪਾਸ ਕੀਤਾ ਗਿਆ ਅਤੇ ਮੂਲਮੰਤਰ ਤੇ ਗੁਰਮੰਤਰ ਦੇ ਜਾਪ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਅੰਤ੍ਰਿੰਗ ਕਮੇਟੀ ਦੀ ਇਸ ਇਕੱਤਰਤਾ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਾਲ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਅੰਤ੍ਰਿੰਗ ਕਮੇਟੀ ਮੈਂਬਰ ਬੀਬੀ ਹਰਜਿੰਦਰ ਕੌਰ, ਸ. ਅਮਰੀਕ ਸਿੰਘ ਵਿਛੋਆ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਪਰਮਜੀਤ ਸਿੰਘ ਖ਼ਾਲਸਾ, ਸ. ਸੁਰਜੀਤ ਸਿੰਘ ਗੜ੍ਹੀ, ਸ. ਬਲਦੇਵ ਸਿੰਘ ਕਾਇਮਪੁਰ, ਸ. ਦਲਜੀਤ ਸਿੰਘ ਭਿੰਡਰ, ਸ. ਸੁਖਹਰਪ੍ਰੀਤ ਸਿੰਘ ਰੋਡੇ, ਸ. ਰਵਿੰਦਰ ਸਿੰਘ ਖ਼ਾਲਸਾ, ਸ. ਜਸਵੰਤ ਸਿੰਘ ਪੁੜੈਣ ਤੇ ਸ. ਪਰਮਜੀਤ ਸਿੰਘ ਰਾਏਪੁਰ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਇੰਜੀ: ਸੁਖਮਿੰਦਰ ਸਿੰਘ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਗੁਰਨਾਮ ਸਿੰਘ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਹਰਭਜਨ ਸਿੰਘ ਵਕਤਾ, ਕਾਨੂੰਨੀ ਸਲਾਹਕਾਰ ਸ. ਅਮਨਬੀਰ ਸਿੰਘ ਸਿਆਲੀ, ਐਕਸੀਅਨ ਸ. ਜਤਿੰਦਰਪਾਲ ਸਿੰਘ ਆਦਿ ਮੌਜੂਦ ਸਨ।

## ਹੁਣ ਪੰਜਾਬੀ ਗਾਇਕ ਰਣਜੀਤ ਬਾਵਾ ਆਏ ਗੈਂਗਸਟਰਾਂ ਦੇ ਨਿਸ਼ਾਨੇ 'ਤੇ; ਵਿਦੇਸ਼ 'ਚ ਬੈਠੇ ਗੈਂਗਸਟਰ ਨੇ ਦਿੱਤੀ ਧਮਕੀ

**ਚੰਡੀਗੜ੍ਹ, 31 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬੀ ਗਾਇਕ ਰਣਜੀਤ ਬਾਵਾ ਨੂੰ ਵਿਦੇਸ਼ੀ ਨੰਬਰ ਤੋਂ ਧਮਕੀ ਮਿਲੀ ਹੈ। ਬਾਵਾ ਦੇ ਮੈਨੇਜਰ ਮਲਕੀਤ ਸਿੰਘ ਨੇ ਇਸ ਸਬੰਧੀ ਪੁਲਿਸ ਨੂੰ ਸ਼ਿਕਾਇਤ ਦਿੱਤੀ ਹੈ, ਜਿਸ ਮਗਰੋਂ ਅਣਪਛਾਤੇ ਵਿਅਕਤੀ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਸ਼ਿਕਾਇਤ ਵਿੱਚ ਕਿਹਾ ਗਿਆ ਕਿ ਰਣਜੀਤ ਬਾਵਾ ਨੂੰ ਪਹਿਲਾਂ ਵੀ ਦੋ ਮੈਸੇਜ ਆਏ ਸਨ। ਇੱਕ ਕੇਸ ਵਿੱਚ 1 ਕਰੋੜ ਰੁਪਏ ਅਤੇ ਦੂਜੇ ਵਿੱਚ 2 ਕਰੋੜ ਰੁਪਏ ਦੀ ਫਿਰੌਤੀ ਮੰਗੀ ਗਈ ਸੀ।



ਫਿਰ ਉਸ ਨੂੰ ਵਿਦੇਸ਼ੀ ਨੰਬਰ ਤੋਂ ਫੋਨ ਆਇਆ ਕਿ ਜੇਕਰ ਉਸ ਨੇ ਫਿਰੌਤੀ ਦੀ ਰਕਮ ਨਾ ਅਦਾ ਕੀਤੀ ਤਾਂ ਉਸ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ। ਕਾਬਿਲੇਗੌਰ ਹੈ ਕਿ ਇਹ ਮਾਮਲਾ 13 ਨਵੰਬਰ ਦਾ ਦੱਸਿਆ ਜਾ ਰਿਹਾ ਹੈ। ਜਦੋਂ ਫਿਰੌਤੀ ਮੰਗੀ ਗਈ ਹੈ। ਪੁਲਿਸ ਨੇ ਮੁਹਾਲੀ 8 ਫੇਜ਼ ਥਾਣੇ 'ਚ 18 ਨਵੰਬਰ ਨੂੰ ਮਾਮਲਾ ਦਰਜ ਕੀਤਾ।

## ਠੰਡ ਕਰਕੇ ਪੰਜਾਬ ਦੇ ਸਕੂਲਾਂ 'ਚ ਵਧਾਈਆਂ ਛੁੱਟੀਆਂ

**ਚੰਡੀਗੜ੍ਹ, 31 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿੱਚ ਪੈ ਰਹੀ ਠੰਡ ਕਰਕੇ ਪੰਜਾਬ ਸਰਕਾਰ ਨੇ ਸਕੂਲਾਂ ਵਿੱਚ ਕੀਤੀਆਂ ਛੁੱਟੀਆਂ ਵਧਾਉਣ ਦਾ ਫੈਸਲਾ ਲਿਆ ਹੈ। ਦੱਸ ਦਈਏ ਕਿ ਪੰਜਾਬ ਦੇ ਸਕੂਲੀ ਵਿਦਿਆਰਥੀਆਂ ਨੂੰ ਫਿਲਹਾਲ 31 ਦਸੰਬਰ ਤੱਕ ਸਰਦੀਆਂ ਦੀਆਂ ਛੁੱਟੀਆਂ ਕੀਤੀਆਂ ਸਨ ਪਰ ਹੁਣ ਵਧਦੀ ਠੰਢ ਨੂੰ ਦੇਖਦੇ ਹੋਏ ਪੰਜਾਬ 'ਚ ਛੁੱਟੀਆਂ ਦੀ ਸਮਾਂ ਵਧਾ ਦਿੱਤਾ ਗਿਆ ਹੈ। ਪੰਜਾਬ ਦੇ ਸਿੱਖਿਆ ਮੰਤਰੀ ਨੇ ਸੋਸ਼ਲ ਮੀਡੀਆ ਉੱਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਣਯੋਗ ਮੁੱਖ ਮੰਤਰੀ ਜੀ ਦੇ ਦਿਸ਼ਾ-ਨਿਰਦੇਸ਼ ਅਨੁਸਾਰ, ਠੰਢ ਦੇ ਕਾਰਨ ਪੰਜਾਬ ਦੇ ਸਾਰੇ ਸਰਕਾਰੀ, ਏਡਿਡ , ਮਾਨਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਵਿੱਚ 7 ਜਨਵਰੀ ਤੱਕ ਛੁੱਟੀਆਂ ਕੀਤੀਆਂ ਜਾਂਦੀਆਂ ਹਨ। ਸਾਰੇ ਸਕੂਲ 8 ਜਨਵਰੀ ਨੂੰ ਖੁਲਣਗੇ। ਜ਼ਿਕਰ ਕਰ ਦਈਏ ਕਿ ਪੰਜਾਬ ਵਿੱਚ ਸੀਤ ਲਹਿਰ ਦਾ ਕਹਿਰ ਜਾਰੀ ਹੈ। ਮੌਸਮ ਵਿਭਾਗ ਨੇ ਪਹਿਲੀ ਤੋਂ 6 ਜਨਵਰੀ ਤੱਕ ਬਾਰਸ਼ ਤੇ ਕੋਹਰੇ ਦਾ ਅਲਰਟ ਜਾਰੀ ਕੀਤਾ ਹੈ। ਇਸ ਦੌਰਾਨ ਸੰਘਣੀ ਧੁੰਦ ਛਾਈ ਰਹਿ ਸਕਦੀ ਹੈ। ਦਰਅਸਲ ਮੌਸਮ ਵਿਭਾਗ ਨੇ ਅਲਰਟ ਜਾਰੀ ਕੀਤਾ ਹੈ ਕਿ ਨਵੇਂ ਸਾਲ ਦੇ ਪਹਿਲੇ ਹਫਤੇ ਚੰਡੀਗੜ੍ਹ, ਪੰਜਾਬ ਤੇ ਹਰਿਆਣਾ 'ਚ ਬਾਰਸ਼ ਤੇ ਧੁੰਦ ਦਾ ਕਹਿਰ ਵੇਖਣ ਨੂੰ ਮਿਲੇਗਾ। ਇਸ ਦਾ ਕਾਰਨ ਇ ਹੈ ਕਿ 1 ਤੋਂ 6 ਜਨਵਰੀ ਦਰਮਿਆਨ ਵੈਸਟਰਨ ਡਿਸਟਰਬੈਂਸ ਐਕਟਿਵ ਹੋਣ ਜਾ ਰਹੀ ਹੈ। ਇਸ ਦਾ ਅਸਰ ਪੱਛਮੀ ਹਿਮਾਲੀਅਨ ਪਰਬਤ ਲੜੀ 'ਤੇ ਦੇਖਣ ਨੂੰ ਮਿਲੇਗਾ। ਇਸ ਕਰਕੇ ਜੰਮੂ-ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਦੇ ਨਾਲ-ਨਾਲ ਮੈਦਾਨੀ ਇਲਾਕਿਆਂ 'ਚ ਵੀ ਬਾਰਸ਼ ਹੋ ਸਕਦੀ ਹੈ।

## ਪੰਜਾਬ ਪੁਲਿਸ ਦਾ 2024 ਦਾ ਲੇਖਾ-ਜੋਖਾ : ਇਕੱਲੇ ਬਠਿੰਡਾ 'ਚ ਨਸ਼ੇ ਦੀਆਂ 601 ਐਫ. ਆਈ. ਆਰ.

**ਚੰਡੀਗੜ੍ਹ/ਅੰਮ੍ਰਿਤਸਰ, 31 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਨਵੇਂ ਸਾਲ 2025 ਨੂੰ ਲੈ ਕੇ ਹਰ ਸ਼ਖਸ 'ਚ ਆਪਣੀ ਜ਼ਿੰਦਗੀ ਦੇ ਨਵੇਂ ਪੜ੍ਹਾਅ ਨੂੰ ਲੈ ਕੇ ਉਤਸ਼ਾਹ ਪਾਇਆ ਜਾ ਰਿਹਾ ਹੈ। ਪੰਜਾਬ ਪੁਲਿਸ ਦੇ ਮੁਲਾਜ਼ਮਾਂ ਵੱਲੋਂ ਵੀ ਸਾਲ 2024 ਵਿੱਚ ਕਈ ਵਿਲੱਖਣ ਕਾਮਯਾਬੀਆਂ ਹਾਸਲ ਕੀਤੀਆਂ ਗਈਆਂ ਹਨ, ਜਿਨ੍ਹਾਂ ਨੂੰ ਮੰਗਲਵਾਰ ਆਈਜੀ ਸੁਖਚੈਨ ਗਿੱਲ ਨੇ ਲੋਕਾਂ ਸਾਹਮਣੇ ਰੱਖਿਆ। ਪੰਜਾਬ ਪੁਲਿਸ ਦੇ ਹੈਡਕੁਆਰਟਰ ਚੰਡੀਗੜ੍ਹ ਦਫਤਰ ਵਿਖੇ ਆਈਜੀ ਸੁਖਚੈਨ ਸਿੰਘ ਗਿੱਲ ਨੇ ਦਾਅਵਾ ਕੀਤਾ ਕਿ ਸਾਲ 2024 'ਚ ਪੰਜਾਬ ਪੁਲਿਸ ਨੇ ਬਹੁਤ ਹੀ ਵਧੀਆ ਪ੍ਰਦਰਸ਼ਨ ਕੀਤਾ ਹੈ, ਜਿਸ ਦੌਰਾਨ ਨਸ਼ਿਆਂ 'ਤੇ ਨਕੇਲ ਕੱਸਣ ਤੋਂ ਲੈ ਕੇ, ਅੱਤਵਾਦੀ ਮਡਿਊਲਾਂ ਦਾ ਪਰਦਾਫਾਸ਼ ਕਰਨ, ਗੈਂਗਸਟਰਾਂ ਨੂੰ ਫੜਨ ਅਤੇ ਪੰਜਾਬ ਵਿਭਾਗ ਦੀ ਮਜ਼ਬੂਤੀ 'ਚ ਬਹੁਤ ਵਧੀਆ ਕਦਮ ਚੁੱਕੇ ਹਨ। ਉਨ੍ਹਾਂ ਜਾਣਕਾਰੀ ਦਿੱਤੀ ਕਿ ਨਸ਼ਿਆਂ 'ਤੇ ਕਾਰਵਾਈ ਕਰਦੇ ਹੋਏ ਪੰਜਾਬ ਭਰ 'ਚ 6935 FIR ਦਰਜ ਕੀਤੀਆਂ ਗਈਆਂ, ਜਿਸ ਵਿੱਚ 12255 ਮੁਲਜ਼ਮ ਗ੍ਰਿਫਤਾਰ ਕੀਤੇ। ਇਨ੍ਹਾਂ ਵਿਚੋਂ 1213 FIR ਗੁਣਵੱਤਾ 'ਤੇ ਅਤੇ 6 ਦਰਮਿਆਨੇ ਨਸ਼ਿਆਂ 'ਤੇ ਆਧਾਰਤ ਸਨ। ਉਨ੍ਹਾਂ ਦੱਸਿਆ ਕਿ ਨਸ਼ਿਆਂ ਦੇ ਮਾਮਲੇ 'ਚ ਸਭ ਤੋਂ ਵੱਧ 601 ਐਫ਼ਆਈਆਰ ਸਿਰਫ਼ ਬਠਿੰਡਾ ਵਿੱਚ ਦਰਜ ਹੋਈਆਂ, ਜਦਕਿ ਸਭ ਤੋਂ ਘੱਟ 165 ਐਫਆਈਆਰ ਅੰਮ੍ਰਿਤਸਰ ਦਿਹਾਤੀ 'ਚ ਦਰਜ ਹੋਈਆਂ। ਇਨ੍ਹਾਂ ਕੇਸਾਂ ਵਿਚੋਂ 991 ਵਿੱਚ ਕੋਕੀਨ ਅਤੇ ਮੈਡੀਕਲ ਨਸ਼ੇ ਨੂੰ ਲੈ ਕੇ ਮਾਮਲੇ ਦਰਜ ਕੀਤੇ। ਇਸਤੋਂ ਇਲਾਵਾ 15 ਕਰੋੜ 74 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਉਨ੍ਹਾਂ ਦੱਸਿਆ ਕਿ ਨਸ਼ਿਆਂ ਖਿਲਾਫ਼ ਕਾਰਵਾਈ ਤਹਿਤ ਮੁਲਜ਼ਮਾਂ ਦੀ 335 ਕਰੋੜ ਦੀ ਜਾਇਦਾਦ ਜ਼ਬਤ ਕੀਤੀ ਗਈ ਹੈ। ਲੋਕਾਂ ਨੂੰ ਨਸ਼ੇ ਦੇ ਵਿਰੁੱਧ ਜਾਗਰੂਕ ਕਰਨ ਲਈ ਪੰਜਾਬ ਪੁਲਿਸ ਵੱਲੋਂ 23000 ਮੁਹਿੰਮਾਂ ਚਲਾਈਆਂ ਗਈਆਂ। NDPC ਐਕਟ ਤਹਿਤ ਕਾਰਵਾਈ ਕਰਦੇ ਹੋਏ ਸਰਹੱਦਾਂ 'ਤੇ ਪੰਜਾਬ ਪੁਲਿਸ ਨੇ 513 ਡਰੋਨ ਦੇਖੇ ਗਏ ਅਤੇ ਡਰੋਨ ਰਾਹੀਂ ਤਸਕਰੀ ਹੁੰਦੀ 185 ਕਿਲੋ ਹੈਰੋਇਨ ਬਰਾਮਦ ਕੀਤੀ ਗਈ। ਇਸਤੋਂ ਇਲਾਵ ਹੋਰ ਵੀ ਕਈ ਵੱਡੇ ਮਾਮਲੇ ਸੁਲਾਏ ਗਏ ਅਤੇ ਵੱਡੀ ਰਿਕਵਰੀ ਕੀਤੀ ਗਈ।



ਆਈਜੀ ਨੇ ਦੱਸਿਆ ਕਿ ਗੈਂਗਸਟਰਾਂ ਖਿਲਾਫ਼ ਪੁਲਿਸ ਵੱਲੋਂ ਵਿਸ਼ੇਸ਼ ਤੌਰ 'ਤੇ AGTF ਦਾ ਗਠਨ ਕੀਤਾ ਗਿਆ। ਪੁਲਿਸ ਦੇ ਇਸ ਵਿੰਗ ਵੱਲੋਂ ਇਸ ਦੌਰਾਨ ਕਾਰਵਾਈ ਕਰਦੇ ਹੋਏ ਗੈਂਗਸਟਰਾਂ ਦੇ 198 ਮਾਡਿਊਲ ਦਾ ਪਰਦਾਫ਼ਾਸ਼ ਕੀਤਾ ਗਿਆ, ਜਿਸ ਦੌਰਾਨ 559 ਗੈਂਗਸਟਰਾਂ ਨੂੰ ਗ੍ਰਿਫਤਾਰ ਕੀਤਾ ਗਿਆ, ਜਦਕਿ 3 ਗੈਂਗਸਟਰ ਐਨਕਾਊਂਟਰ 'ਚ ਮਾਰੇ ਗਏ। ਏਜੀਟੀਐਫ਼ ਇਸ ਦੌਰਾਨ 7 ਕਿੱਲੋ ਹੈਰੋਇਨ ਵੀ ਬਰਾਮਦ ਕੀਤੀ। ਪੰਜਾਬ 'ਚ ਦਹਿਸ਼ਤੀ ਇਰਾਦਿਆਂ ਅਤੇ ਰਾਸ਼ਟਰੀ ਵਿਰੋਧੀ ਗਤੀਵਿਧੀਆਂ ਨੂੰ ਨਾਕਾਮ ਕਰਦਿਆਂ ਏਜੀਟੀਐਫ਼ ਵੱਲੋਂ ਕਾਰਵਾਈ ਕਰਦੇ ਹੋਏ 12 ਅੱਤਵਾਦੀ ਮਾਡਿਊਲ ਦਾ ਵੀ ਪਰਦਾਫ਼ਾਸ਼ ਕੀਤਾ ਗਿਆ ਅਤੇ 66 ਅੱਤਵਾਦੀਆਂ ਨੂੰ ਰਿਵਾਲਵਰਾਂ ਤੇ ਹੋਰ ਸਮੱਗਰੀ ਸਮੇਤ ਗ੍ਰਿਫ਼ਤਾਰ ਕੀਤਾ ਗਿਆ।

## ਸਿੱਖਾਂ 'ਚ ਯਾਦਗਾਰ ਬਣਾਉਣ ਦੀ ਇਜਾਜ਼ਤ ਨਹੀਂ

**ਨਵੀਂ ਦਿੱਲੀ, 31 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਦੇ ਨਾਂ 'ਤੇ ਯਾਦਗਾਰ ਬਣਾਉਣ ਨੂੰ ਲੈ ਕੇ ਦੇਸ਼ ਭਰ 'ਚ ਵਿਵਾਦ ਚੱਲ ਰਿਹਾ ਹੈ। ਰਾਜਘਾਟ 'ਤੇ ਜਗ੍ਹਾ ਨਾ ਦਿੱਤੇ ਜਾਣ ਤੋਂ ਬਾਅਦ ਦੇਸ਼ ਭਰ 'ਚ ਕਾਂਗਰਸ ਤੇ ਵਿਰੋਧੀ ਪਾਰਟੀਆਂ ਵੀ ਭਾਜਪਾ ਦਾ ਵਿਰੋਧ ਕਰ ਰਹੀਆਂ ਹਨ। ਇਸੇ ਦੌਰਾਨ ਸਿੱਖ ਭਾਈਚਾਰੇ ਦੇ ਸੀਨੀਅਰ ਆਗੂ ਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਡਾ: ਮਨਮੋਹਨ ਸਿੰਘ ਦੀ ਪਤਨੀ ਗੁਰਸ਼ਰਨ ਕੌਰ ਨੂੰ ਪੱਤਰ ਲਿਖਿਆ ਹੈ। ਇਸ ਪੱਤਰ ਵਿੱਚ ਗੁਰਸ਼ਰਨ ਕੌਰ ਨੂੰ ਸੁਝਾਅ ਦਿੰਦੇ ਹੋਏ ਤਰਲੋਚਨ ਸਿੰਘ ਨੇ ਕਿਹਾ ਕਿ ਤੁਸੀਂ ਜਾਣਦੇ ਹੋ ਕਿ ਸਿੱਖ ਧਰਮ ਵਿੱਚ ਸਮਾਧੀ ਜਾਂ ਯਾਦਗਾਰ ਦੀ ਇਜਾਜ਼ਤ ਨਹੀਂ ਹੈ। ਸਿੱਖ ਧਾਰਮਿਕ ਆਗੂਆਂ ਨੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੀ ਸਮਾਧੀ ਨੂੰ ਸਵਿਕਾਰ ਨਹੀਂ ਕੀਤਾ ਸੀ। ਇਸ ਸਬੰਧ ਵਿੱਚ ਸੁਝਾਅ ਦਿੱਤਾ ਜਾਂਦਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਦੇ ਨਾਂਅ 'ਤੇ ਇੱਕ ਵਿਦਿਅਕ ਸੰਸਥਾ ਬਣਾਈ ਜਾਣੀ ਚਾਹੀਦੀ ਹੈ। ਤਰਲੋਚਨ ਸਿੰਘ ਨੇ ਇਸ ਪੱਤਰ ਵਿੱਚ ਕਿਹਾ ਕਿ ਡਾ: ਮਨਮੋਹਨ ਸਿੰਘ ਅਰਥ ਸ਼ਾਸਤਰ ਦੇ ਵਿਦਵਾਨ ਸਨ। ਅਜਿਹੀ ਸਥਿਤੀ ਵਿੱਚ ਦਿੱਲੀ ਵਿੱਚ ਉਨ੍ਹਾਂ ਦੇ ਨਾਂ 'ਤੇ ਇੰਟਰਨੈਸ਼ਨਲ ਡਾ: ਮਨਮੋਹਨ ਸਿੰਘ ਸਕੂਲ ਆਫ਼ ਇਕਨਾਮਿਕਸ ਜਾਂ ਡਾ: ਮਨਮੋਹਨ ਸਿੰਘ ਸਕੂਲ ਆਫ਼ ਐਡਮਿਨਿਸਟ੍ਰੇਸ਼ਨ ਸਥਾਪਤ ਕਰਨ ਦੀ ਮੰਗ ਉੱਠਣੀ ਚਾਹੀਦੀ ਹੈ। ਜਿੱਥੇ ਵੱਖ-ਵੱਖ ਦੇਸ਼ਾਂ ਦੇ ਨੌਜਵਾਨ ਆ ਕੇ ਪੜ੍ਹਾਈ ਕਰ ਸਕਣ ਤੇ ਡਾ: ਮਨਮੋਹਨ ਸਿੰਘ ਦਾ ਨਾਂਅ ਹਮੇਸ਼ਾ ਯਾਦ ਰੱਖਿਆ ਜਾਵੇਗਾ। ਸੰਸਥਾ ਦੇ ਅਹਾਤੇ ਵਿੱਚ ਡਾ: ਮਨਮੋਹਨ ਸਿੰਘ ਦੇ ਜੀਵਨ ਅਤੇ ਕੰਮਾਂ ਦਾ ਅਜਾਇਬ ਘਰ ਵੀ ਹੋਣਾ ਚਾਹੀਦਾ ਹੈ। ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਸਿੱਖ ਧਰਮ ਵਿੱਚ ਸਮਾਰਕਾਂ ਦੀ ਇਜਾਜ਼ਤ ਨਹੀਂ ਹੈ। ਪੰਜਾਬ ਤੋਂ ਕਈ ਵੱਡੇ ਸਿੱਖ ਆਗੂ ਪੈਦਾ ਹੋਏ। ਗਿਆਨੀ ਜ਼ੈਲ ਸਿੰਘ ਤੋਂ ਇਲਾਵਾ ਕਿਸੇ ਵੀ ਆਗੂ ਦੇ ਨਾਂ 'ਤੇ ਕੋਈ ਯਾਦਗਾਰ ਨਹੀਂ ਹੈ। ਮਾਸਟਰ ਤਾਰਾ ਸਿੰਘ, ਬਲਦੇਵ ਸਿੰਘ ਜਾਂ ਕੌਮ ਦੇ ਕਿਸੇ ਮਹਾਨ ਮੁੱਖ ਮੰਤਰੀ ਦੇ ਨਾਂ 'ਤੇ ਕੋਈ ਸਮਾਰਕ ਨਹੀਂ ਹੈ।



### ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਨੇ ਡਾ. ਮਨਮੋਹਨ ਸਿੰਘ ਦੀ ਪਤਨੀ ਨੂੰ ਲਿਖੀ ਚਿੱਠੀ

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਿਹ ॥



ਆਵਾਜ਼ਿ ਕੌਮ AWAZE QAUM International Newspaper & WEB TV

# ਮਹਾਨ ਸ਼ਹੀਦੀ ਸਮਾਗਮ

## 19 ਜਨਵਰੀ, 2025 (ਦਿਨ ਐਤਵਾਰ)

ਗੁਰੂ ਪਿਆਰੀ ਸਾਧ ਸੰਗਤ ਜੀ ਮੁਕਤਸਰ ਦੇ 40 ਮੁਕਤੇ ਤੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਹਰੇਕ ਸਾਲ ਦੀ ਤਰਾਂ ਸ਼ਹੀਦੀ ਸਮਾਗਮ ਹੋ ਰਿਹਾ ਹੈ । ਸਾਰੀਆਂ ਸੰਗਤਾਂ ਨੂੰ ਪਰਿਵਾਰ ਸਮੇਤ ਪਹੁੰਚਣ ਦਾ ਖੁੱਲਾ ਸੱਦਾ ਦਿੱਤਾ ਜਾਂਦਾ ਹੈ। ਆਪ ਜੀ ਸਭ ਨੇ ਪਰਿਵਾਰ ਸਮੇਤ ਪਹਉਚਣ ਕ੍ਰਿਪਾਲਤਾ ਕਰਨੀ ਜੀ। ਆਪ ਜੀ ਦੇ ਅਤਿ ਧੰਨਵਾਦੀ ਹੋਵਾਂਗੇ।

--★ ਪ੍ਰੋਗਰਾਮ ★--

19 ਜਨਵਰੀ 2025 ਦਿਨ ਐਤਵਾਰ ਭੋਗ ਸ੍ਰੀ ਸਹਿਜ ਪਾਠ ਦਾ ਸਵੇਰੇ 10 ਵਜੇ

ਸ਼ਬਦ ਕੀਰਤਨ ,ਕਥਾ ਅਤੇ ਢਾਡੀ ਜਥਾ ਪ੍ਰਸੰਗ ਸੁਣਾਵੇਗਾ

ਆਪ ਜੀ ਦਾ ਸਵਾਗਤ ਕਰਤਾ **ਸਰਦਾਰ ਬਲਜੀਤ ਸਿੰਘ ਕੰਗ ਅਤੇ ਪਰਿਵਾਰ**

★ ਵਧੇਰੇ ਜਾਣਕਾਰੀ 07780605230 ★

**Address: GURDWARA BABA SANG JI**

**9 St Paul's Rd, Smethwick Birmingham B66 1EE**

# ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**

## ਵਾਹਿਗੁਰੂ ਜੀ ਕੀ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ ॥



ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB



ਸ੍ਰੀ ਪਟਨਾ ਸਾਹਿਬ
SRI PATNA SAHIB



ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB



ਸ੍ਰੀ ਦਮਦਮਾ ਸਾਹਿਬ
SRI DAMDAMA SAHIB



ਸ੍ਰੀ ਹਜ਼ੂਰ ਸਾਹਿਬ
SRI HAZUR SAHIB

# ਪੰਜ ਤਖ਼ਤ ਯਾਤਰਾ

ਬੜੇ ਮਾਣ ਅਤੇ ਸਤਿਕਾਰ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਵਾਹਿਗੁਰੂ ਜੀ ਕੀ ਕ੍ਰਿਪਾ ਸਦਕਾ 10 ਫਰਵਰੀ 2025 ਤੋਂ 20 ਫਰਵਰੀ 2025 ਤੱਕ ਪੰਜ ਤਖਤ ਸਹਿਬਾਨ ਦੀ ਮਹਾਂ ਯਾਤਰਾ ਕਰਵਾਉਣ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਤੁਸੀ ਵੀ ਇਸ ਯਾਤਰਾ ਦਾ ਹਿੱਸਾ ਬਣੋ ਅਤੇ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਕਰਕੇ ਆਪਣੇ ਜੀਵਨ ਨੂੰ ਸਫਲਾ ਕਰੋ ਜੀ। ਤੁਹਾਡੀ ਇਸ ਯਾਤਰਾ ਨੂੰ ਯਾਦਗਾਰੀ ਤੇ ਬਿਹਤਰੀਨ ਬਨਾਉਣ ਲਈ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਦੀ ਟੀਮ ਹਰ ਸੰਭਵ ਯਤਨ ਕਰਕੇ ਤੁਹਾਨੂੰ ਸ਼ਾਨਦਾਰ ਸਹੂਲਤਾਂ ਪ੍ਰਦਾਨ ਕਰੇਗੀ। ਯਾਤਰਾ ਗੁਰਦਵਾਰਾ ਸ਼੍ਰੀ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ, ਜਲੰਧਰ ਤੋਂ ਅਰਦਾਸ ਅਤੇ ਜੈਕਾਰਿਆਂ ਦੀ ਗੂੰਜ 'ਚ 10 ਫਰਵਰੀ, 2025 ਨੂੰ ਸ਼ੁਰੂ ਹੋਵੇਗੀ ਤੇ ਇੱਥੇ 20 ਫਰਵਰੀ, 2025 ਨੂੰ ਸੰਪੰਨ ਹੋਵੇਗੀ।

## ਟੂਰ ਪੈਕੇਜ

ਧਾਰਮਿਕ ਤੇ ਇਤਿਹਾਸਕ ਟੂਰ ਜਲੰਧਰ ਤੋਂ ਸ਼ੁਰੂ ਹੋ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ, ਹੈਦਰਾਬਾਦ, ਗੁਰਦਵਾਰਾ ਨਾਨਕ ਝੀਰਾ ਬਿਦਰ ਤੋਂ ਬਾਅਦ ਸ਼੍ਰੀ ਹਜ਼ੂਰ ਸਾਹਿਬ ਪਹੁੰਚੇਗਾ, ਜਿਥੇ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਰ ਵੀ 9 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਹੈਦਰਾਬਾਦ ਪਹੁੰਚ ਕੇ ਹਵਾਈ ਜਹਾਜ ਦੇ ਰਾਹੀ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਚੰਡੀਗੜ ਵਾਪਸੀ ਵੀ ਹਵਾਈ ਸਫ਼ਰ ਰਾਹੀਂ ਹੋਵੇਗੀ। ਉਪਰੰਤ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਦਮਦਮਾ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਜਾਵੇਗਾ। ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦਾਵਾਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ☛ ਲਗਜਰੀ ਹੋਟਲਾਂ 'ਚ ਸਟੇਅ
- ☛ ਬਰੇਕਫਾਸਟ ਅਤੇ ਡਿਨਰ ਸ਼ਾਮਲ
- ☛ ਲਗਜਰੀ ਏ. ਸੀ. ਟਰਾਂਸਪੋਰਟੇਸ਼ਨ।
- ☛ ਚੰਡੀਗੜ੍ਹ ਤੋਂ ਹੈਦਰਾਬਾਦ ਅਤੇ ਵਾਪਸੀ 'ਤੇ ਹੈਦਰਾਬਾਦ ਤੋਂ ਚੰਡੀਗੜ੍ਹ ਦਾ ਸਫਰ ਹਵਾਈ ਜਹਾਜ਼ ਰਾਹੀਂ।
- ☛ ਹਰ ਧਾਰਮਿਕ ਅਤੇ ਇਤਿਹਾਸਕ ਜਾਣਕਾਰੀ ਮੁਹੱਈਆ ਕਰਵਾਉਣ ਲਈ ਗਾਈਡ ਨਾਲ ਹੋਣਗੇ।

**ਇੰਡੀਆਂ ਵਿਚ ਜੁਆਇਨ ਕਰਨ ਵਾਲਿਆਂ ਲਈ ਕੇਵਲ 1190 ਬ੍ਰਿਟਿਸ਼ ਪਾਉਂਡ ਪਰ ਯਾਤਰੀ ਹੋਵੇਗਾ।**

**ਯੂ ਕੇ ਤੋਂ ਅੰਤਰਰਾਸ਼ਟਰੀ ਹਵਾਈ ਸਫ਼ਰ ਸਮੇਤ 1890 ਬ੍ਰਿਟਿਸ਼ ਪਾਉਂਡ ਪਰ ਯਾਤਰੀ ਹੋਵੇਗਾ।**

ਬੁੱਕ ਕਰਨ ਦੇ ਲਈ 600 ਪਾਉਂਡ ਐਡਵਾਂਸ ਦੇ ਤੌਰ ਤੇ ਜਮਾ ਕਰਵਾਉਣੇ ਜ਼ਰੂਰੀ ਹਨ। ਬੁਕਿੰਗ ਫੀਸ ਜਮ੍ਹਾ ਕਰਵਾਉਣ ਉਪਰੰਤ ਰੈਫਰੈਂਸ ਨੰਬਰ ਭੇਜਣਾ ਹੋਵੇਗਾ ਅਤੇ ਬਾਕੀ ਰਹਿੰਦੀ ਫੀਸ ਦੋ ਹਫ਼ਤਿਆਂ ਦੇ ਅੰਦਰ-ਅੰਦਰ ਜਮ੍ਹਾ ਕਰਵਾਉਣੀ ਹੋਵੇਗੀ।

**ਅਕਾਊਂਟ ਨੰਬਰ ਤੇ ਡਿਟੇਲ**

**Account Name: RAGHBIR SINGH**
**Bank Name : HALIFAX**
**Sort Code : 11-08-07**
**Account No. : 00516474**

**ਸੰਪਰਕ ਨੰ. :**

**+44 7458 381111 +44 7976 210161**

**email: gnstuk@hotmail.com**

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

*There might be an additional cost if you need direct return flight Atq –Lhr/Bhxorif your return flight is on busy dates (for example mid-term holidays etc.)

**ਬਿਨਾਂ ਕੋਈ ਨੋਟਿਸ ਦਿੱਤੇ ਪ੍ਰੋਗਰਾਮ 'ਚ ਤਬਦੀਲੀ ਕੀਤੀ ਜਾ ਸਕਦੀ ਹੈ।**

## ਜ਼ਿੰਦਗੀ ਭਰ ਦੀ ਯਾਦ ਬਣਨ ਵਾਲੀ

# ਪੰਜ ਤਖ਼ਤ ਯਾਤਰਾ

ਆਵਾਜ਼ਿ ਕੌਮ AWAZE QAUM

10 ਰਾਤਾਂ ਤੇ 11 ਦਿਨ ਦੀ ਯਾਤਰਾ ਦਾ ਵੇਰਵਾ ਵਿਸਥਾਰ ਸਹਿਤ ਹੇਠ ਲਿਖੇ ਅਨੁਸਾਰ ਹੈ :

### 10 ਫਰਵਰੀ (ਦਿਨ 1)



ਸਾਰੀ ਸੰਗਤ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ ਵਿਖੇ ਇਕੱਤਰ ਹੋਵੇਗੀ ਤੇ ਇਥੋਂ ਜੈਕਾਰਿਆਂ ਦੀ ਗੂੰਜ 'ਚ ਸ਼੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਕਰਤਾਰਪੁਰ ਵਿਖੇ ਜੰਗ-ਏ-ਆਜਦੀ ਅਜਾਇਬ ਘਰ ਵਿਖਾਇਆ ਜਾਵੇਗਾ। ਹੋਟਲ ਵਿਚ ਪਹੁੰਚ ਕੇ ਚੈਕ ਇਨ ਹੋਵੇਗਾ। ਉਸ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਵੇਗੀ। ਦੁਬਾਰਾ ਵਾਪਸ ਹੋਟਲ ਵਿਚ ਪਹੁੰਚ ਕੇ ਡਿਨਰ ਹੋਟਲ ਕੀਤਾ ਜਾਵੇਗਾ।

### 11 ਫਰਵਰੀ (ਦਿਨ 2)



ਤੜਕੇ ਸਵੇਰੇ 5 ਵਜੇ ਹੈਦਰਾਬਾਦ ਨੂੰ ਜਾਣ ਵਾਸਤੇ ਹਵਾਈ ਅੱਡੇ 'ਤੇ ਪਹੁੰਚਿਆ ਜਾਵੇਗਾ। ਫਲਾਇਟ ਦਾ ਸਮਾਂ 7.30 ਵਜੇ ਸਵੇਰੇ ਹੋਵੇਗਾ। ਹੈਦਰਾਬਾਦ ਤੱਕ ਫਲਾਈ ਸਮਾਂ ਦੋ ਘੰਟੇ ਦਾ ਹੋਵੇਗਾ। ਹੈਦਰਾਬਾਦ ਪਹੁੰਚ ਕੇ ਬੱਸ ਵਿਚ ਬੈਠ ਕੇ ਹੈਦਰਾਬਾਦ ਦਾ ਬਹੁਤ ਹੀ ਮਸ਼ਹੂਰ ਮਿਊਜ਼ੀਅਮ ਦਿਖਾਇਆ ਜਾਵੇਗਾ। ਉਸ ਤੋਂ ਬਾਅਦ ਹੋਟਲ ਵਿਚ ਜਾ ਕੇ ਚੈਕ ਇਨ ਤੇ ਲੰਚ ਹੋਵੇਗਾ। ਸ਼ਾਮ 4 ਵਜੇ ਹੈਦਰਾਬਾਦ ਦਾ ਦੁਨੀਆਂ ਭਰ 'ਚ ਮਸ਼ਹੂਰ ਚਾਰਮਿਨਾਰ ਦਿਖਾਇਆ ਜਾਵੇਗਾ। ਡਿਨਰ ਦੱਖਣ-ਭਾਰਤੀ ਸ਼ਾਕਾਹਾਰੀ ਰੈਸਟੋਰੈਂਟ ਵਿਚ (ਖ਼ੁਦ ਦੇ ਖਰਚੇ 'ਤੇ) ਕਰਵਾਇਆ ਜਾਵੇਗਾ। ਵਾਪਸ ਹੋਟਲ ਵਿਚ ਆ ਕੇ ਅਰਾਮ ਕੀਤਾ ਜਾਵੇਗਾ।

### 12 ਫਰਵਰੀ (ਦਿਨ 3)



ਸਵੇਰੇ ਨਾਸ਼ਤੇ ਤੋਂ ਬਾਅਦ ਟਰੇਲ ਰਾਹੀਂ ਬਿਦਰ ਨੂੰ ਚਾਲੇ ਪਾਏ ਜਾਣਗੇ। 3 ਘੰਟੇ ਦੀ ਯਾਤਰਾ ਹੋਵੇਗੀ। ਇੱਥੇ ਪਹੁੰਚ ਕੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ ਤੇ ਦੁਪਹਿਰ ਨੂੰ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਨੰਦੇੜ ਸਾਹਿ ਵੱਲ ਚਾਲੇ ਪਾਏ ਜਾਣਗੇ। ਸ਼ਾਮ ਨੂੰ ਨੰਦੇੜ ਸਾਹਿਬ ਪਹੁੰਚ ਕੇ ਸਰਾਂ ਵਿਚ ਰੈਣ ਵਸੇਰਾ ਹੋਵੇਗਾ। ਰਾਤ ਦਾ ਭੋਜਨ ਕੰਪਨੀ ਵਲੋਂ ਫਿਕਸਡ ਮੈਨਿਉ 'ਤੇ ਅਧਾਰਤ ਰੈਟੋਰੈਂਟ ਵਿਚ ਹੋਵੇਗਾ ਜਿਸ ਦਾ ਖਰਚਾ ਕੰਪਨੀ ਕਰੇਗੀ। ਰਾਤ ਦਾ ਵਿਸ਼ਰਾਮ ਸਰਾਂ ਵਿੱਚ ਹੋਵੇਗਾ।

### 13 ਫਰਵਰੀ (ਦਿਨ 4)



ਸੰਗਤ ਤੜਕੇ ਸਚਖੰਡ ਸ੍ਰੀ ਨੰਦੇੜ ਸਾਹਿਬ ਦੀ ਹਾਜਰੀ ਭਰੇਗੀ। ਨਾਸ਼ਤਾ ਲੰਗਰ ਹਾਲ ਵਿਚ ਹੋਵੇਗਾ। ਠੀਕ 10 ਵਜੇ ਗੁਰਦਵਾਰਾ ਸਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਬਾਬਾ ਬੰਦਾ ਬਾਹੁਦਰ, ਗੁਰਦਵਾਰਾ ਮਾਲ ਟੇਕੜੀ, ਗੁਰਦਵਾਰਾ ਹੀਰਾ ਘਾਟ, ਗੁਰਦਵਾਰਾ ਮਾਤਾ ਸਾਹਿਬ ਦੇਵਾ ਜੀ ਦੇ ਦਰਸ਼ਨ ਕਰਨ ਉਪਰੰਤ ਇਥੇ ਹੀ ਲੰਗਰ ਛਕਿਆ ਜਾਵੇਗਾ। ਇਸ ਤੋਂ ਬਾਅਦ ਗੁਰਦਵਾਰਾ ਸ਼ਿਕਾਰ ਘਾਟ ਦੇ ਦਰਸ਼ਨ ਉਪਰੰਤ ਚਾਹ ਦਾ ਲੰਗਰ ਛਕਿਆ ਜਾਵੇਗਾ। ਇਸ ਉਪਰੰਤ ਗੁਰਦਵਾਰਾ ਸੰਗਤ ਸਾਹਿਬ ਤੇ ਅਸਤਬਲ ਦੇ ਦਰਸ਼ਨ ਕੀਤੇ ਜਾਣਗੇ। ਗੁਰਦਵਾਰਾ ਨਗੀਨਾ ਘਾਟ ਦੇ ਦਰਸ਼ਨਾ ਤੋਂ ਬਾਅਦ ਗੁਰਦਵਾਰਾ ਬਾਬਾ ਨਿਧਾਨ ਸਿੰਘ ਜੀ ਵਿਖੇ ਰਾਤ ਦਾ ਲੰਗਰ ਹੋਵੇਗਾ। ਰਾਤ ਦਾ ਵਿਸ਼ਰਾਮ ਇੱਥੇ ਸਰਾਂ ਵਿੱਚ ਹੋਵੇਗਾ।

### 14 ਫਰਵਰੀ (ਦਿਨ 5)



ਤੜਕੇ 6 ਵਜੇ ਹੈਦਰਾਬਾਦ ਲਈ ਰਵਾਨਗੀ ਪਾਈ ਜਾਵੇਗੀ ਅਤੇ ਕਿੰਗਸ ਰੈਸਟੋਰੈਂਟ ਵਿੱਚ ਸੰਗਤ ਨੂੰ ਚਾਹ ਪਿਲਾਈ ਜਾਵੇਗੀ। ਹੈਦਰਾਬਾਦ ਪਹੁੰਚ ਕੇ ਇੱਥੋਂ ਦੀ ਮਸ਼ਹੂਰ ਸ਼ਾਕਾਹਾਰੀ ਹੈਦਰਾਬਾਦੀ ਬਰਿਆਨੀ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਹਵਾਈ ਯਾਤਰਾ ਰਾਹੀਂ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਹਵਾਈ ਯਾਤਰਾ ਦਾ ਸਮਾਂ 2 ਘੰਟੇ ਦਾ ਹੋਵੇਗਾ। ਹੋਟਲ ਵਿਚ ਚੈਕ ਇਨ ਕਰਨ ਉਪਰੰਤ ਡਿਨਰ ਤਿਆਰ ਮਿਲੇਗਾ।

### 15 ਫਰਵਰੀ (ਦਿਨ 6)



ਸਵੇਰੇ ਨਾਸ਼ਤੇ ਤੋਂ ਬਾਅਦ ਜਨਮ ਅਸਥਾਨ ਸਚਖੰਡ ਸ਼੍ਰੀ ਪਟਨਾ ਸਾਹਬਿ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਕੰਗਣ ਘਾਟ ਤੇ ਗੁਰਦਵਾਰਾ ਬਾਲ ਲੀਲਾ ਸਾਹਿਬ ਦੇ ਧਰਸ਼ਨ ਕੀਤੇ ਜਾਣਗੇ। ਦੁਪਹਿਰ ਦਾ ਲੰਗਰ ਗੁਰਦਵਾਰਾ ਬਾਲ ਲੀਲਾ ਸਾਹਿਬ ਵਿੱਚ ਹੋਵੇਗਾ। ਇਸ ਉਪਰੰਤ ਗੁਰਦਵਾਰਾ ਗਊ ਘਾਟ, ਗੁਰਦਵਾਰਾ ਗੁਰੂ ਕਾ ਬਾਗ, ਗੁਰਦਵਾਰਾ ਹਾਂਡੀ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਵਾਪਸ ਹੋਟਲ 'ਚ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 16 ਫਰਵਰੀ (ਦਿਨ 7)



ਨਾਸ਼ਤਰਾ ਕਰਨ ਉਪਰੰਤ ਸ੍ਰੀ ਪਟਨਾ ਸਾਹਿਬ ਤੋਂ ਹਵਾਈ ਅੱਡੇ ਲਈ ਚਾਲੇ ਪਾਏ ਜਾਣਗੇ ਤੇ ਹਵਾਈ ਯਾਤਰਾ ਰਾਹੀਂ ਚੰਡੀਗੜ੍ਹ ਪਹੁੰਚਿਆ ਜਾਵੇਗਾ। ਇੱਥੇ ਵਿਸ਼ਵ ਪ੍ਰਸਿੱਧ ਸੁਖਨਾ ਲੇਕ ਘੁੰਮਣ ਉਪਰੰਤ ਹੋਟਲ ਚੈੱਕ ਇਨ ਕੀਤਾ ਜਾਵੇਗਾ ਤੇ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 17 ਫਰਵਰੀ (ਦਿਨ 8)



ਨਾਸ਼ਤੇ ਕਰਨ ਉਪਰੰਤ ਟਰੇਨ ਰਾਹੀਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਨੂੰ ਚਾਲੇ ਪਾਏ ਜਾਣਗੇ। ਜਿਥੇ ਗੁਰਦਵਾਰਾ ਸ੍ਰੀ ਕੇਸਗੜ ਸਾਹਿਬ, ਗੁਰਦਾਵਾਰਾ ਸੀਸ ਗੰਜ ਸਾਹਿਬ, ਗੁਰਦਵਾਰਾ ਭੌਰਾ ਸਾਹਿਬ ਤੇ ਕਿਲਾ ਆਨੰਦਗੜ੍ਹ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਬਠਿੰਡਾ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 18 ਫਰਵਰੀ (ਦਿਨ 9)



ਸਵੇਰੇ ਨਾਸ਼ਤੇ ਉਪਰੰਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾ ਲਈ ਚਾਲੇ ਪਾਏ ਜਾਣਗੇ। ਬੁਰਜ ਬਾਬਾ ਦੀਪ ਸਿੰਘ ਜੀ ਦੇ ਦਰਸ਼ਨਾ ਤੋਂ ਬਾਅਦ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਉਪਰੰਤ ਸ੍ਰੀ ਅੰਮ੍ਰਿਤਸਰ ਸਾਹਬਿ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 19 ਫਰਵਰੀ (ਦਿਨ 10)



ਸਵੇਰੇ ਨਾਸ਼ਤੇ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਜਲ੍ਹਿਆਵਾਲਾ ਬਾਗ ਵੇਖਿਆ ਜਾਵੇਗਾ। ਦੁਪਹਿਰ ਦਾ ਲੰਗਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਛਕਿਆ ਜਾਵੇਗਾ। ਇਸ ਤੋਂ ਬਾਅਦ ਭਾਰਤ-ਪਾਕਿਸਤਾਨ ਦੀ ਵੰਡ ਨੂੰ ਦਰਸਾਉਂਦਾ ਪਾਰਟੀਸ਼ਨ ਮਿਊਜੀਅਮ ਵਿਖਾਇਆ ਜਾਵੇਗਾ। ਸ਼ਾਮ ਨੂੰ ਵਾਹਗਾ ਬਾਰਡਰ ਪਹੁੰਚ ਕੇ ਰੀਟਰੀਟ ਸੇਰੇਮਨੀ ਦਿਖਾਈ ਜਾਵੇਗੀ। ਡਿਨਰ ਅਤੇ ਰਾਤਰੀ ਵਿਸ਼ਰਾਮ ਹੋਟਲ ਵਿੱਚ ਹੋਵੇਗਾ।

### 20 ਫਰਵਰੀ (ਦਿਨ 11)

ਨਾਸ਼ਤੇ ਕਰਨ ਉਪਰੰਤ ਸੰਗਤ ਜਲੰਧਰ ਲਈ ਚਾਲੇ ਪਾਵੇਗੀ ਅਤੇ ਗੁਰਦਵਾਰਾ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਪਹੁੰਚ ਕੇ ਅਮਿੱਟ ਧਾਰਮਿਕ ਤੇ ਇਤਹਾਸਕ ਯਾਦਾਂ ਸਮੇਟਦਿਆਂ, ਫਿਰ ਮਿਲਣ ਦੇ ਵਾਅਦੇ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਟੂਰ ਦੀ ਸਮਾਪਤੀ ਹੋਵੇਗੀ।

**ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼ ਨਾਲ ਯਾਤਰਾ ਕਰਨ ਲਈ ਧੰਨਵਾਦ ਅਤੇ ਵਾਹਿਗੁਰੂ ਜੀ ਦਾ ਕੋਟਿਨ-ਕੋਟਿ ਧੰਨਵਾਦ। ਤੁਹਾਨੂੰ ਹੋਰ ਧਾਰਮਿਕ ਤੇ ਇਤਿਹਾਸਕ ਯਾਤਰਾ 'ਤੇ ਜਲਦ ਲੈ ਕੇ ਜਾਣ ਦਾ ਵਾਅਦਾ ਕਰਦੇ ਹਾਂ।**

ਆਵਾਜ਼ਿ ਕੌਮ
AWAZE QAUM

# AWAZE QAUM
# TOURS & TRAVELS

**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**

ਵਾਹਿਗੁਰੂ ਜੀ ਕੀ ਖਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥


ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

## PANJ TAKHAT YATRA

**Thank you for choosing us to go to PANJ TAKHAT YATRA in February 2025 (10th Feb – 20thFeb 2025). During the stay we will try to provide you with all the possible facilities to make this trip a memorable one.**

### Trip Package Includes

Visit to Takhat Patna Sahib & other 5 Gurudwaras - Hyderabad (Museum & Char Minar) - Takhat Hazoor Sahib & other 8 Gurudwaras - Takhat Keshgarh Sahib Sahib & other 8 Gurudwaras - Damdama Sahib & other 3 Gurudwaras. - Akal Takth, Sri Harimandir Sahib, Jallianwala Bagh & Wagah Border

- Luxury Air-conditioned Coaches
- Luxury Hotel Stay (Sarai at Hazoor Sahib)
- Domestic Flights
- Guided Tours
- Flexibility to stay in India before & after the trip

**Cost If joining from India without international flights £ 1190 per person on Twin Sharing basis**

**Cost: If joining from UK with International flights - £1890 per person on Twin Sharing basis**

Deposit of £600 per person can be transferred into the following account (please write your name as a reference): Balance amount need to be deposited 2 weeks before the travel date.

**Account Name: RAGHBIR SINGH**
**Bank Name : HALIFAX**
**Sort Code : 11-08-07**
**Account No. : 00516474**

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

*There might be an additional cost if you need direct return flight Atq –Lhr/Bhxorif your return flight is on busy dates (for example mid-term holidays etc.)


**Program is subject to change without Prior Notice.**

ਆਵਾਜ਼ਿ ਕੌਮ AWAZE QAUM

### JOURNEY OF A LIFE TIME
## PANJ TAKHT YATRA
### 5 TAKHAT YATRA - 10 NIGHTS / 11 DAYS

ਆਵਾਜ਼ਿ ਕੌਮ AWAZE QAUM

### 10th FEB. Day 1st.



**Meeting** at Gurdwara Sri Dukh Niwaran sahib patshahi 9 Guru Teg Bahadur Nagar Jalandhar and start the journey on ward drive to Amritsar sahib stop at Kartar pur to see Jung e Ajadi museum ( if it is open) later drive to Amritsar check in hotel and later visit to Sri Akal Takhat sahib back to hotel and dinner in the hotel.

### 11th Feb. Day 2nd.




Early morning check out to drive to airport to take flight at 730 am to Hyderabad after arrival and proceed to see the museum than back to the hotel check in and lunch in the hotel later at 4 pm proceed to visit char minar dinner will be paid by the people directly.

### 12th Feb Day 3rd




After break fast drive to Bidar it is 3 hrs journey on arrival Darshan and lunch at the Langar than drive to Nanded again 3 hrs journey reach there check in sran and do darshan dinner at the langar.

### 13th Feb Day4th



Morning Darshan and break fast in the Langar After breakfast start for the tour of Gurdwaras, Visit to Gurdwara Nagina Ghat, Gurdwara Baba Banda Bahadur ji, Gurdwara Mal Tekri sahib, Gurdwara Heera Ghat later Gurdwara Mata Sahib Deva ji- Lunch in the langar, later to gurdwara Shikar Ghat here you have tea with pakoras later to gurdwara Sangat sahib back to city of Nanded and visit to Gurdwara Baba Nidhan singh ji, dinner at the Langar of Baba Nidhan singh ji

### 14th Feb Day5th



Leave at 6 am and drive to Hyderabaad we will stop at kings restaurant for quick tea and to use of wash rooms than to Hyderabad at paradise restaurant to have quick hyderabaadi veg biryani paid by the AWAJE QUAM TOURS from here we proceed to airport for the flight to Patna sahib arrival and we proceed to our hotel check in and dinner in the hotel

### 15th Feb. Day 6th



After break fast proceed to visit to Gurdwara Sach Khand Sri Patna sahib later Gurdwara Bal Leela sahib and Langar here later visit to Gurdwara Kangan Ghat sahib, Gurdwara Gau Ghat sahib Gurdwara Guru Ka Bagh and gurdwara Handi sahib back to our hotel and do dinner

### 16th Feb Day 7th



After Break fast proceed to the airport for the flight to chandigarh arrival and from here we go to visit to Sukhna lake later check in the hotel dinner at the hotel and relax.

### 17th Feb Day 8th



After breakfast proceed to visit to Anandpur sahib lunch at the langar later drive to Bathinda check in hotel and dinner at the hotel and relax.

### 18Th Feb Day 9th



After break fast proceed at 9 am to visit Takhat sri Damdama Sahib lunch at the Langar after that we proceed to Sri Amritsar sahib check in hotel dinner at the hotel.

### 19th Feb Day 10th



After break fast proceed at 9 am to visit Sri Harimander sahib, jallianwala bagh Parition Musuem and lunch at the Bharawan da dhabha by the AWAJE QAUM TOURS than drive to Wagah Border, See the ceremony then back to the hotel. Dinner at the hotel.

### 20th Feb Day 11th

**After breakfast proceed to Jalandhar to end the tour with happy memories and with promise to travel again together at Gurdwara Sri Dukh Niwaran sahib Patshahi 9th Guru Teg Bahdur ji Nagar.**

**THANKS FOR TRAVELLING WITH US & STAY BLESSED! LOOKING FORWARD TO TAKE YOU TO ON ANOTHER GREAT JOURNEY**

## ਵਾਹਿਗੁਰੂ ਜੀ ਕਾ ਖਾਲਸਾ ।। ਵਹਿਗੁਰੂ ਜੀ ਕੀ ਫ਼ਤਹਿ ।।




ਬੇਨਤੀ ਹੈ ਕਿ ਫ਼ਖ਼ਰ-ਏ-ਕੌਮ ਸ਼ਹੀਦ ਭਾਈ ਸਤਵੰਤ ਸਿੰਘ ਜੀ ਅਗਵਾਨ, ਭਾਈ ਬੇਅੰਤ ਸਿੰਘ ਜੀ ਅਤੇ ਭਾਈ ਕੇਹਰ ਸਿੰਘ ਜੀ ਦੇ ਯਾਦਗਾਰੀ ਅਸਥਾਨ ਗੁਰਦੁਆਰਾ ਯਾਦਗਾਰ-ਏ-ਸ਼ਹੀਦਾਂ, ਪਿੰਡ - ਅਗਵਾਨ ਵਿਖੇ 06 ਜਨਵਰੀ 2025, ਦਿਨ ਸੋਮਵਾਰ ਨੂੰ ਸਲਾਨਾ ਸ਼ਹੀਦੀ ਸਮਾਗਮ ਕਰਵਾਏ ਜਾ ਰਹੇ ਹਨ। ਆਪ ਜੀ ਨੇ ਇਹਨਾਂ ਸਮਾਗਮਾਂ ਅੰਦਰ ਹਾਜ਼ਰੀ ਭਰਨ ਦੀ ਜ਼ਰੂਰ ਕ੍ਰਿਪਾਲਤਾ ਕਰਨੀ ਜੀ।

**✶--- ਬੇਨਤੀ ਕਰਤਾ ---✶**

# ਮਾਤਾ ਪਿਆਰ ਕੌਰ ਜੀ

## ਭਾਈ ਸੁਖਵਿੰਦਰ ਸਿੰਘ ਅਗਵਾਨ


ਜਦੋਂ ਡੁੱਲਦਾ ਖੂਨ ਸ਼ਹੀਦਾਂ, ਦਾ ਤਕਦੀਰ ਬਦਲਦੀ ਕੌਮਾਂ ਦੀ
ਚੜ੍ਹਦੇ ਸਾਲ ਦੇ ਮਹਾਨਸ਼ਹੀਦ
ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਜੀ ਕਾਉਂਕੇ
ਖਾਲਸਾ ਪੰਥ ਦੇ ਮਹਾਨ ਸ਼ਹੀਦ, ਅਕਾਲ ਤਖਤ ਦੇ ਸਾਬਕਾ
ਜੱਥੇਦਾਰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਜੀ ਕਾਉਂਕੇ ਜਿਨ੍ਹਾਂ ਦਾ
ਸ਼ਹੀਦੀ ਸਮਾਗਮ
ਮਿਤੀ 1 ਜਨਵਰੀ 2025, ਦਿਨ ਬੁੱਧਵਾਰ
ਜੱਦੀ ਘਰ ਪਿੰਡ ਕਾਉਂਕੇ ਕਲਾਂ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ।
ਸਮੂਹ ਸੰਗਤਾਂ ਨੂੰ ਬੇਨਤੀ ਹੈ ਪਹੁੰਚਣ ਦੀ ਕ੍ਰਿਪਾਲਤਾ ਕਰਨੀ।


ਗ੍ਰਾਮ ਪੰਚਾਇਤ ਢੰਡੋਵਾਲ ਵੱਲੋਂ ਸ਼ਹੀਦ ਬਾਬਾ ਸੁਖਚੇਤ ਸਿੰਘ ਜੀ ਦੇ ਸ਼ਹੀਦੀ ਅਸਥਾਨਾਂ 'ਤੇ
ਸਵ: ਸ. ਨਾਜਰ ਸਿੰਘ ਜੀ ਦੀ ਯਾਦ ਨੂੰ ਸਮਰਪਿਤ
58ਵਾਂ ਸਲਾਨਾ ਛਿੰਝ ਮੇਲਾ ਢੰਡੋਵਾਲ
14 ਜਨਵਰੀ 2025 ਮੰਗਲਵਾਰ
ਪਿੰਡ ਢੰਡੋਵਾਲ, ਸ਼ਾਹਕੋਟ (ਜਲੰਧਰ)
ਪਟਕੇ ਦੀ ਕੁਸ਼ਤੀ
ਭੁਪਿੰਦਰ ਅਜਨਾਲਾ (ਪੰਜਾਬ ਕੇਸਰੀ)
ਪ੍ਰਿਤਪਾਲ ਫਗਵਾੜਾ (ਭਾਰਤ ਕੇਸਰੀ)
ਇਸ ਤੋਂ ਇਲਾਵਾ ਸਹਿਬਾਜ਼ ਆਲਮਗੀਰ, ਗੌਰਵ ਅਜਨਾਲਾ,
ਸੁਰਿੰਦਰ ਸ਼ਾਹਕੋਟ, ਸੂਜਲ ਫਗਵਾੜਾ, ਨੂਰ ਆਲਮਗੀਰ,
ਮੁਕੇਸ਼ ਕੌਹਾਲੀ, ਅਜੇ ਪਾਲ ਖੰਨਾ, ਜੱਸਾ ਫਗਵਾੜਾ
ਨੋਟ: ਸਿਰਫ਼ ਸੱਦੇ ਹੋਏ ਅਖਾੜਿਆਂ ਦੇ
ਪਹਿਲਵਾਨਾਂ ਦੀਆਂ ਹੀ ਕੁਸ਼ਤੀਆਂ ਹੋਣਗੀਆਂ।
ਵੱਲੋਂ: ਗ੍ਰਾਮ ਪੰਚਾਇਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀ ਪਿੰਡ ਢੰਡੋਵਾਲ
ਸੰਪਰਕ: 98151-02950, 82840-32366, 97798-12352
ਛਿੰਝ ਮੇਲੇ ਦਾ ਲਾਈਵ ਪ੍ਰਸਾਰਣ
ਆਵਾਜ਼ਿ ਕੌਮ AWAZE QAUM WEB TV
'ਤੇ ਦੇਖਿਆ ਜਾ ਸਕਦਾ ਹੈ।

# ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਜੀ ਦੀ ਸ਼ਹੀਦੀ ਨੂੰ ਪ੍ਰਣਾਮ




## Singh Sahib Bhai Gurdev Singh Kaunke Ji di Shaheedi Nu Parnam

www.damdamitaksal.net

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਮਾਤਾ ਗੁਜਰ ਕੌਰ ਜੀ, ਚਾਰ ਸਾਹਿਬਜ਼ਾਦੇ ਅਤੇ ਅਨੇਕਾਂ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਦੀ ਯਾਦ ਵਿਚ ਪਹਿਲੀ ਪੋਹ ਤੋਂ ਲਗਾਤਾਰ ਚੱਲ ਰਹੇ ਸ੍ਰੀ ਸੁਖਮਣੀ ਸਾਹਿਬ ਜੀ ਦੇ ਪਾਠ ਅਤੇ ਰਾਤ ਦੇ ਕੀਰਤਨ ਦਰਬਾਰ ਸਜਾਏ

ਫਿਰੋਜ਼ਪੁਰ, 31 ਦਸੰਬਰ (ਮਨੋਹਰ ਲਾਲ) :– ਮਾਤਾ ਗੁਜਰ ਕੌਰ ਜੀ, ਚਾਰ ਸਾਹਿਬਜ਼ਾਦਿਆਂ ਅਤੇ ਸਿੱਖ ਕੌਮ ਦੇ ਅਨੇਕਾਂ ਸ਼ਹੀਦਾਂ ਦੀ ਯਾਦ ਵਿਚ ਪਹਿਲੀ ਪੋਹ ਤੋਂ ਸ਼ੁਰੂ ਕੀਤੇ ਸ੍ਰੀ ਸੁਖਮਣੀ ਸਾਹਿਬ ਜੀ ਦੇ ਪਾਠਾਂ ਦਾ ਭੋਗ ਅੱਜ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰ ਵਿਖੇ ਪਾਇਆ ਗਿਆ। ਇਸ ਮੌਕੇ ਜਿਥੇ ਸ੍ਰੀ ਸੁਖਮਣੀ ਸਾਹਿਬ ਜੀ ਦੇ ਪਾਠ ਕਰਵਾਏ ਗਏ, ਉਥੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਰੱਖੇ ਪਾਠਾਂ ਦੇ ਭੋਗ ਪਾਉਂਦਿਆਂ ਸਮੂਹ ਲੋਕਾਈ ਦੀ ਚੜ੍ਹਦੀ ਕਲਾਂ ਦੀ ਕਾਮਨਾ ਕੀਤੀ ਗਈ। ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਮਾਤਾ ਗੁਜਰ ਕੌਰ ਜੀ, ਚਾਰ ਸਾਹਿਬਜਾਦੇ ਅਤੇ ਅਨੇਕਾਂ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਦੀ ਯਾਦ ਵਿਚ ਰੋਜ਼ਾਨਾ ਕੀਰਤਨ ਦਰਬਾਰ ਸਜਾਏ ਗਏ। ਇਸ ਮੌਕੇ ਤੇ ਰਾਗੀ ਜਥਿਆਂ ਵੱਲੋਂ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਤੇ ਭਾਈ ਗੁਰਮੇਲ ਸਿੰਘ ਅਰਜਨ, ਭਾਈ ਚੰਨ ਸਿੰਘ, ਭਾਈ ਜ਼ੋਗਾ ਸਿੰਘ, ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਰਮਨਦੀਪ ਸਿੰਘ, ਭਾਈ ਬਬੂ ਸਿੰਘ ਨੇ ਹਾਜ਼ਰੀ ਭਰੀ। ਇਸ ਮੌਕੇ ਤੇ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਕਥਾ ਕਰਦਿਆਂ ਆਖਿਆ ਕਿ ਵੈਸੇ ਤਾਂ ਸ਼ਰਧਾਵਾਨ ਸਿੱਖ ਜਮੀਨ ਤੇ ਸੋ ਕੇ ਮਾਤਾ ਗੁਜਰ ਕੌਰ ਜੀ, ਚਾਰ ਸਾਹਿਬਜ਼ਾਦਿਆਂ ਨੂੰ ਭਾਵ ਵੱਧ ਤੋਂ ਵੱਧ ਗੁਰਬਾਣੀ ਦਾ ਪਾਠ ਕਰਦੇ ਹਨ, ਧੰਨ–ਧੰਨ ਮਾਤਾ ਗੁਜਰ ਕੌਰ ਜੀ ਪਹਿਲੀ ਸਤਿਕਾਰਤ ਸਿੱਖ ਬੀਬੀ ਹੋਏ ਹਨ, ਜਿਨ੍ਹਾਂ ਨੇ ਧਰਮ ਦੀ ਖਾਤਰ ਆਪਣੀ ਲਾਸਾਨੀ ਸ਼ਹਾਦਤ ਦਿੱਤੀ, ਸਾਹਿਬਜ਼ਾਦਿਆਂ ਦੀ ਸ਼ਹਾਦਤ ਉਪਰੰਤ ਧੰਨ–ਧੰਨ ਮਾਤਾ ਗੁਜਰ ਕੌਰ ਜੀ ਵੀ ਸਮਾਧੀ ਸਥਿਤ ਹੋ ਗਏ ਅਤੇ ਪ੍ਰਾਣ ਚੜ੍ਹਾ ਕੇ ਸ਼ਹਾਦਤ ਦੇ ਦਿੱਤੀ। ਸ਼ਹਾਦਤ ਸਮੇਂ ਧੰਨ–ਧੰਨ ਮਾਤਾ ਗੁਜਰ ਕੌਰ ਜੀ ਦੀ ਉਮਰ 85 ਸਾਲ ਸੀ, ਧੰਨ–ਧੰਨ ਮਾਤਾ ਗੁਜਰ ਕੌਰ ਜੀ ਨੇ 26 ਸਾਲ ਬਾਬਾ ਬਕਾਲਾ ਵਿਖੇ ਆਪਣੇ ਪਤੀ ਧੰਨ–ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਭੋਰੇ ਵਿਖੇ ਬੰਦਗੀ ਕਰਦਿਆਂ ਭੋਰੇ ਦੇ ਬਾਹਰ ਨਾਮ ਸਿਮਰਨ ਵਿਚ ਜੁੜਦਿਆਂ ਪਹਿਰਾ ਦਿੱਤਾ, ਧੰਨ–ਧੰਨ ਮਾਤਾ ਗੁਜਰ ਕੌਰ ਜੀ ਸਬਰ, ਸੰਤੋਖ ਤੇ ਸਹਿਜ ਦਾ ਸਰੂਪ ਹੋਏ ਹਨ, ਜਿਨ੍ਹਾਂ ਦੇ ਘਰ ਵਿਆਹ ਤੋਂ 33 ਸਾਲ ਬਾਅਦ ਸੰਤਾਨ ਹੋਈ, ਪਰ ਆਪਣੇ ਹਿਰਦੇ ਤੇ ਕਦੀ ਵੀ ਚਿੰਤਾ ਜਾਂ ਬੇਸਬਰੀ ਨੂੰ ਭਾਰੂ ਨਹੀਂ ਹੋਣ ਦਿੱਤਾ। ਧੰਨ–ਧੰਨ ਮਾਤਾ ਗੁਜਰ ਕੌਰ ਜੀ ਨੇ ਸ੍ਰੀ ਕੀਰਤਪੁਰ ਸਾਹਿਬ ਆਪਣੇ ਪਤੀ ਦੇ ਪਾਵਨ ਸੀਸ ਦੇ ਸਭ ਤੋਂ ਪਹਿਲਾਂ ਦਰਸ਼ਨ ਕੀਤੇ ਤੇ ਹੌਂਸਲਾ, ਦਲੇਰੀ ਤੇ ਸਹਿਜ ਦਾ ਦਾਮਨ ਫੜਦਿਆਂ ਸੁੱਖ ਤੋਂ ਇਹ ਲਫਜ ਕਹੇ, ਆਪ ਜੀ ਦੀ ਨਿਭ ਗਈ, ਸਾਡੀ ਵੀ ਨਿਭਾ ਲੈਣਾ। ਧੰਨ–ਧੰਨ ਮਾਤਾ ਗੁਜਰ ਕੌਰ ਜੀ ਨੇ ਸਰਸਾ ਨਦੀ ਵਿਖੇ ਪਰਿਵਾਰ ਤੋਂ ਵਿਛੜਨ ਉਪਰੰਤ ਇਕ ਸੁਚੱਜੀ ਮਾਤਾ ਦੇ ਫਰਜ਼ ਨਿਭਾਉਂਦਿਆਂ ਛੋਟੇ ਸਾਹਿਬਜ਼ਾਦਿਆਂ ਦੀ ਸੰਭਾਲ ਕਤੀ ਤੇ ਠੰਡੇ ਬੁਰਜ ਵਿਚ ਵੀ ਪੋਹ ਦੀਆਂ ਕਕਰੀਲੀ ਰਾਤਾਂ ਦੀ ਪਰਵਾਹ ਨਾ ਕਰਦਿਆਂ ਆਪਣੇ ਪਤੀ ਦੇ ਸਿਧਾਤਾਂ ਉੱਤੇ ਦ੍ਰਿੜਤਾ ਤੇ ਸਿਦਕ ਨਾਲ ਪਹਿਰਾ ਦਿੱਤਾ ਅਤੇ ਛੋਟੇ ਸਾਹਿਬਜ਼ਾਦਿਆਂ ਅੰਦਰ ਸਿੱਖੀ ਸਿਦਕ ਨੂੰ ਹੋਰ ਪ੍ਰਜਵਲਿਤ ਕਰਦਿਆਂ ਜੁਲਮ ਅਤੇ ਜਾਲਮ ਦਾ ਡੱਟ ਕੇ ਮੁਕਾਬਲਾ ਕਰਨ ਦੀ ਭਾਵਨਾ ਨੂੰ ਹੋਰ ਸੁਦ੍ਰਿੜ ਕੀਤਾ। ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਅੱਗੇ ਕਿਹਾ ਕਿ ਸਾਨੂੰ ਪੋਹ ਦਾ ਸਾਰਾ ਮਹੀਨਾ ਹੀ ਘਰਾਂ ਵਿਚ ਵੱਧ ਤੋਂ ਵੱਧ ਗੁਰਬਾਣੀ ਦਾ ਪਾਠ ਕਰਨਾ ਚਾਹੀਦਾ ਹੈ ਤਾਂ ਜ਼ੋ ਅਸੀਂ ਗੁਰੂ ਸਾਹਿਬ ਜੀ ਦਾ ਸਮੁੱਚਾ ਪਰਿਵਾਰ ਅਤੇ ਹੋਰ ਅਨੇਕਾਂ ਸਿੱਖ ਕੌਮ ਦੇ ਸ਼ਹੀਦਾਂ ਨੂੰ ਦਿਲੋਂ ਪ੍ਰਣਾਮ ਕਰ ਸਕੀਏ ਅਤੇ ਸਿੱਖੀ ਨੂੰ ਬਚਾਉਣ ਦੇ ਉਪਰਾਲੇ ਕਰ ਸਕੀਏ। ਗੁਰੂ ਸਾਹਿਬ ਦੇ ਲਾਲਾਂ ਨੇ ਸਿੱਖੀ ਨੂੰ ਬਚਾਉਣ ਲਈ ਆਪਣੀਆਂ ਲਾਸਾਨੀ ਸ਼ਹਾਦਤਾਂ ਦਿੱਤੀਆਂ ਜਿਹੜੀ ਰਹਿੰਦੀ ਦੁਨੀਆਂ ਤੱਕ ਯਾਦ ਰਹਿਣਗੀਆਂ। ਇਸ ਮੌਕੇ ਤੇ ਬਾਬਾ ਜੀ ਦੇ ਸੇਵਾਦਾਰ ਭਾਈ ਲੱਖਾ ਸਿੰਘ, ਭਾਈ ਜ਼ਸਵੀਰ ਸਿੰਘ ਜ਼ਸੂ ਨੇ ਸੰਗਤਾਂ ਦੀ ਹੱਥੀਂ ਸੇਵਾ ਕੀਤੀ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



ਆਵਾਜ਼ਿ ਕੌਮ AWAZE QAUM
International Newspaper & WEB TV

ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7l
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ



### ਨਾਨਕਸਰ ਕਲੇਰਾਂ ਤੇ

# ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਕੇ ਦਾ ਪਰਿਵਾਰ



**ਲੁਧਿਆਣਾ** ਜਿਲੇ ਦੇ ਸਭ ਤੋਂ ਵੱਡੇ ਪਿੰਡ ਕਾਉਕੇ ਕਲਾਂ ਨੂੰ ਏਸ ਗੱਲ ਦਾ ਵੱਡਾ ਮਾਣ ਹੈ ਕਿ ਮੀਰੀ ਦੇ ਮਾਲਕ ਸਤਿਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪਣੇ ਪਵਿੱਤਰ ਚਰਨ ਪਾ ਕੇ ਇੱਕ ਵਰ ਦਿੱਤਾ ਕਿ ਇਸ ਧਰਤੀ ਤੇ ਹੀਰੇ ਜਨਮ ਲੈਣਗੇ, ਇਸੇ ਧਰਤੀ ਤੇ ਸਿੱਖ ਪੰਥ ਦੀ ਮਹਾਨ ਸੰਪਰਦਾਇ ਨਾਨਕਸਰ ਕਲੇਰਾਂ ਹੋਂਦ ਵਿਚ ਆਈ ਜਿਸ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਦੀ ਮਰਿਆਦਾ ਨੂੰ ਸਮੁੱਚੇ ਪੰਥ 'ਚ ਪ੍ਰਪੱਕ ਕਰਵਾਇਆ। ਨਾਨਕਸਰ ਕਲੇਰਾਂ ਦੇ ਮੋਢੀ ਮਹਾਂਪੁਰਸ਼ ਬਾਬਾ ਨੰਦ ਸਿੰਘ ਜੀ ਨਾਲ ਉਹਨਾਂ ਦਾ ਇਕ ਸੰਗੀ ਜਥੇਦਾਰ ਬਾਬਾ ਤੋਤਾ ਸਿੰਘ ਹੁੰਦਾ ਸੀ ਜੇਹੜਾ ਨਾਲ ਹੀ ਵੱਡੇ ਮਹਾਪੁਰਸ਼ਾਂ ਬਾਬਾ ਮਹਾਂ ਹਰਨਾਮ ਸਿੰਘ ਭੁੱਚੋ ਵਾਲਿਆ ਦੀ ਵੀ ਸੰਗਤ ਕਰਦਾ ਹੁੰਦਾ ਸੀ।

ਉਸੇ ਜਥੇਦਾਰ ਬਾਬਾ ਤੋਤਾ ਸਿੰਘ ਦੇ ਗ੍ਰਹਿ ਵਿਖੇ ਇਕ ਪੋਤਰਾ ਜਨਮ ਲੈਦਾ ਹੈ ਜਿਸਦਾ ਨਾਮ ਗੁਰਦੇਵ ਸਿੰਘ ਰੱਖਿਆ ਜਾਦਾ ਹੈ। ਛੋਟੀ ਉਮਰੇ ਭਾਂਵੇ ਉਹ ਸਿੱਖੀ ਤੋਂ ਬੇਮੁੱਖ ਹੋ ਬੈਠਦਾ ਹੈ ਪਰ ਗੁਰੂ ਦੀ ਮੇਹਰ ਪਰਿਵਾਰ ਦੀਆ ਅਰਦਾਸਾਂ ਮਹਾਪੁਰਸ਼ਾਂ ਦੀਆ ਅਸੀਸਾਂ ਨਾਲ ਜਦੋ ਸੋਝੀ ਆਉਦੀ ਹੈ ਤਾ ਧਰਮ ਦੀ ਵਿਦਿਆ ਲੈਣ ਲਈ ਦਮਦਮੀ ਟਕਸਾਲ ਦੇ ਮਹਾਪੁਰਸ਼ਾਂ ਬਾਬਾ ਵੀਰ ਸਿੰਘ ਮੱਦੋਕੇ ਅਤੇ ਗਿਆਨੀ ਅਵਤਾਰ ਸਿੰਘ ਬੱਧਨੀ ਵਾਲਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸ਼ਮ ਗ੍ਰੰਥ ਅਤੇ ਇਤਿਹਾਸ ਦੀ ਕਥਾ ਸਿੱਖਦਾ ਸੰਪੂਰਨ ਤੌਰ ਤੇ ਪੰਥ ਨੂੰ ਸਮਰਪਿਤ ਹੋ ਜਾਦਾ ਹੈ ਧਰਮ ਯੁੱਧ ਮੋਰਚੇ ਦੌਰਾਨ ਪਰਿਵਾਰ ਸਮੇਤ ਜੇਲ ਜਾਣਾ 1986 ਦੇ ਸਰਬੱਤ ਖਾਲਸਾ ਮੌਕੇ ਕੌਮ ਵੱਲੋ ਵਾਗਡੋਰ ਸੰਭਾਲਣੀ, ਜਾਣੋ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੋ ਬਾਅਦ ਕੌਮ ਦਾ ਵੱਡਾ ਆਗੂ ਪਰਿਵਾਰ ਤੇ ਹਨੇਰੀਆ ਝੁਲਦੀਆ ਰਹੀਆ ਇਹਨਾ ਹਨੇਰੀਆ ਸਮੇ ਬਾਬਾ ਕੁੰਦਨ ਸਿੰਘ ਤੇ ਬਾਬਾ ਸਾਧੂ ਸਿੰਘ ਨਾਨਕਸਰ ਵਾਲੇ ਕਿਵੇ ਪਰਿਵਾਰ ਨਾਲ ਖੜਦੇ ਰਹੇ ਇਹ ਭਾਈ ਸਾਹਿਬ ਤੇ ਉਨ੍ਹਾਂ ਦਾ ਪਰਿਵਾਰ ਹੀ ਜਾਣਦਾ. ਭਾਈ ਸਾਹਿਬ ਤੇ ਬਾਬਾ ਰਾਮ ਸਿੰਘ ਨਾਨਕਸਰ ਸੀਘੜੇ ਵਾਲਿਆ ਦਾ ਆਖਦੇ ਭਰਾਵਾ ਵਰਗਾ ਪਿਆਰ ਸੀ। 1996 'ਚ ਭਾਈ ਸਾਹਿਬ ਦੇ ਦੋ ਵੱਡੇ ਪੁੱਤਰਾ ਭਾਈ ਰਾਮ ਸਿੰਘ ਤੇ ਭਾਈ ਹਰੀ ਸਿੰਘ ਨੂੰ ਲੁਧਿਆਣਾ ਬੰਬ ਕਾਂਡ ਚ ਨਿਰਦੋਸ਼ ਚੱਕਣ ਮੌਕੇ ਨਾਨਕਸਰ ਸੰਪਰਦਾਇ ਵੱਲੋ ਕਿਸ ਤਰ੍ਹਾਂ ਪਰਿਵਾਰ ਦਾ ਸਹਿਯੋਗ ਕੀਤਾ ਗਿਆ ਇਹ ਪਰਿਵਾਰ ਅਤੇ ਪਿੰਡ ਜਾਣਦਾ, ਅੱਜ ਵੀ ਭਾਈ ਸਾਹਿਬ ਦਾ ਪਰਿਵਾਰ ਨਾਨਕਸਰ ਕਲੇਰਾ ਦਾ ਸੰਗੀ ਹੈ। ਨਿੰਦਕ ਲਾਣਾ ਨਾਨਕਸਰ ਤੇ ਕਿੰਤੂ ਪ੍ਰੰਤੂ ਕਰਨ ਵਾਲਾ ਕਈ ਵਾਰ ਬਿਨਾ ਸੋਝੀ ਤੋਂ ਭਾਈ ਸਾਹਿਬ ਦੀ ਫੋਟੋ ਲਾ ਕੇ ਬਾਬਾ ਨੰਦ ਸਿੰਘ ਮਹਾਪੁਰਸ਼ਾਂ ਦੀ ਨਿੰਦਿਆ ਕਰਦੇ ਨੇ ਉਹ ਮੂਰਖ ਕੀ ਜਾਣਨ ਕਿ ਭਾਈ ਸਾਹਿਬ ਦਾ ਪਰਿਵਾਰ ਤਾ ਬਾਬਾ ਨੰਦ ਸਿੰਘ ਦੇ ਨਾਲ ਬਾਬਾ ਮਹਾ ਹਰਨਾਮ ਸਿੰਘ ਭੁੱਚੋ ਵਾਲਿਆ ਦਾ ਵੀ ਸੰਗੀ ਰਿਹਾ।

**-ਰਾਜਪ੍ਰੀਤ ਸਿੰਘ, ਕਾਉਂਕੇ ਕਲਾਂ**

## ਸੁਖਬੀਰ ਸਿੰਘ ਬਾਦਲ ਵੱਲੋਂ ਪਿੰਡ ਚੌਟਾਲਾ ਵਿਖੇ ਹਰਿਆਣਾ ਦੇ ਪੰਜ ਵਾਰ ਦੇ ਮੁੱਖ ਮੰਤਰੀ ਸ਼੍ਰੀ ਓਮ ਪ੍ਰਕਾਸ਼ ਚੌਟਾਲਾ ਦੇ ਸ਼ਰਧਾਂਜਲੀ ਸਮਾਗਮ 'ਚ ਸ਼ਾਮਲ ਹੋ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ








### ਅਕਾਲ ਯੂਨੀਵਰਸਿਟੀ ਵੱਲੋਂ ਖੋਜ ਪ੍ਰੋਜੈਕਟ ਦੀ ਤਿਆਰੀ ਸੰਬੰਧੀ

# ਪ੍ਰੋਫੈਸਰ ਸ਼ਲਭ ਦੇ ਭਾਸ਼ਣ ਦਾ ਆਯੋਜਨ

**ਤਲਵੰਡੀ ਸਾਬੋ, 31 ਦਸੰਬਰ (ਗੁਰਜੰਟ ਸਿੰਘ ਨਥੇਹਾ)**- ਅਕਾਲ ਯੂਨੀਵਰਸਿਟੀ ਵੱਲੋਂ ਖੋਜ ਪ੍ਰੋਜੈਕਟ ਦੀ ਤਿਆਰੀ ਸੰਬੰਧੀ ਆਈਆਈਟੀ ਕਾਨਪੁਰ ਦੇ ਅਕਾਦਮਿਕ ਮਾਮਲਿਆਂ ਦੇ ਡੀਨ ਪ੍ਰੋਫ਼ੈਸਰ ਸ਼ਲਭ ਦੇ ਭਾਸ਼ਣ ਦਾ ਆਯੋਜਨ ਕੀਤਾ ਗਿਆ। ਪ੍ਰੋਫੈਸਰ ਸ਼ਲਭ ਇੱਕ ਮਸ਼ਹੂਰ ਭਾਰਤੀ ਅੰਕੜਾ ਵਿਗਿਆਨੀ ਹਨ ਅਤੇ ਉਨ੍ਹਾਂ ਨੇ ਰੱਖਿਆ ਮੰਤਰਾਲੇ, ਪ੍ਰਸ਼ਾਸਕੀ ਸੁਧਾਰ ਅਤੇ ਜਨਤਕ ਸ਼ਿਕਾਇਤ ਵਿਭਾਗ ਆਦਿ ਵਰਗੀਆਂ ਸਰਕਾਰੀ ਸੰਸਥਾਵਾਂ ਨਾਲ ਜੁੜੇ ਕਈ ਮਹੱਤਵਪੂਰਨ ਪ੍ਰੋਜੈਕਟਾਂ ਦੀ ਅਗਵਾਈ ਕੀਤੀ ਹੈ। ਯੂਨੀਵਰਸਿਟੀ ਕੈਂਪਸ ਦੇ ਖੋਜ ਅਤੇ ਵਿਕਾਸ ਸੈੱਲ (ਆਰ.ਡੀ.ਸੀ) ਦੇ ਯਤਨਾਂ ਸਦਕਾ ਪ੍ਰੋ. ਸ਼ਲਭ ਨੇ ਫੈਕਲਟੀ ਮੈਂਬਰਾਂ ਨੂੰ ਵਿਅਕਤੀਗਤ ਅਤੇ ਸੰਸਥਾਗਤ ਵਿਕਾਸ ਲਈ ਖੋਜ ਪ੍ਰੋਜੈਕਟਾਂ ਦੀ ਮਹੱਤਤਾ ਅਤੇ ਖੋਜ ਪ੍ਰਸਤਾਵ ਤਿਆਰ ਕਰਨ ਦੇ ਸੁਝਾਵਾਂ ਸੰਬੰਧੀ ਵਿਸ਼ੇਸ਼ ਭਾਸ਼ਣ ਦਿੱਤੇ। ਵਾਈਸ-ਚਾਂਸਲਰ ਪ੍ਰੋ. ਗੁਰਮੇਲ ਸਿੰਘ, ਅਕਾਦਮਿਕ ਮਾਮਲਿਆਂ ਦੇ ਡੀਨ ਡਾ. ਜੀ.ਐਸ. ਲਾਂਬਾ, ਡਾਇਰੈਕਟਰ ਆਈ.ਕਿਊ.ਏ.ਸੀ ਪ੍ਰੋ. ਸੁਖਜੀਤ ਸਿੰਘ, ਡੀਨ ਰਿਸਰਚ (ਆਰ.ਡੀ.ਸੀ) ਬੁਬਨ ਬੈਨਰਜੀ ਅਤੇ ਫੈਕਲਟੀ ਮੈਂਬਰ ਦੋ ਦਿਨਾਂ ਸੈਸ਼ਨਾਂ ਵਿੱਚ ਸ਼ਾਮਲ ਹੋਏ।ਪ੍ਰੋ. ਸ਼ਲਭ ਨੇ ਭਾਸ਼ਨ ਲੜੀ ਦੇ ਦੋ ਸੈਸ਼ਨਾਂ ਦੌਰਾਨ ਖੋਜਾਰਥੀਆਂ ਦੀ ਜੀਵਨ ਸ਼ੈਲੀ ਅਤੇ ਪੇਸ਼ੇਵਰ ਵਿਕਾਸ ਨੂੰ ਵਧਾਉਣ ਵਿੱਚ ਖੋਜ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸੰਸਥਾਵਾਂ ਦੀ ਪ੍ਰਸਿੱਧੀ ਅਤੇ ਸਮਰੱਥਾ ਵਿੱਚ ਖੋਜ ਕਾਰਜਾਂ ਦਾ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਆਪਣੇ ਪਹਿਲੇ ਸੈਸ਼ਨ ਦੌਰਾਨ ਪ੍ਰੋ. ਸ਼ਲਭ ਨੇ ਵੱਖ-ਵੱਖ ਕਿਸਮਾਂ ਦੇ ਖੋਜ ਪ੍ਰੋਜੈਕਟਾਂ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਨੇ ਪ੍ਰੋਜੈਕਟ ਅਤੇ ਫੰਡਿੰਗ ਦੇ ਮੌਕੇ ਪ੍ਰਾਪਤ ਕਰਨ ਦੇ ਉਦੇਸਾਂ 'ਤੇ ਰੋਸ਼ਨੀ ਪਾਈ। ਉਨ੍ਹਾਂ ਨੇ ਖੋਜ ਨੂੰ ਇੱਕ ਬੁਨਿਆਦੀ ਸਮਝ ਨਾਲ ਸ਼ੁਰੂ ਕਰਨ, ਮੌਜੂਦਾ ਵਿਧੀਆਂ ਵਿੱਚ ਖੱਪਿਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਦੂਰ ਕਰਨ ਜਾਂ ਪਹੁੰਚਣਯੋਗ ਬਣਾਉਣ ਲਈ ਗੁੰਝਲਦਾਰ ਵਿਚਾਰਾਂ ਨੂੰ ਸਰਲ ਬਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸੰਬੰਧਿਤ ਵਿਆਪਕ ਐਪਲੀਕੇਸ਼ਨਾਂ ਲਈ ਅੰਤਰ-ਅਨੁਸ਼ਾਸਨੀ ਪਹੁੰਚਾਂ ਨੂੰ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਕਰੀਅਰ ਸੰਬੰਧੀ ਵਿਵਹਾਰਕ ਉਦਾਹਰਣਾਂ ਸਾਂਝੀਆਂ ਕੀਤੀਆਂ ਜੋ ਉਨ੍ਹਾਂ ਦੇ ਪੇਸ਼ੇਵਰ ਸਫ਼ਰ 'ਤੇ ਖੋਜ ਪ੍ਰੋਜੈਕਟਾਂ ਦੇ ਪਰਿਵਰਤਨਸ਼ੀਲ ਪ੍ਰਭਾਵ ਨੂੰ ਦਰਸਾਉਂਦੀਆਂ ਹਨ। ਪ੍ਰੋ. ਸ਼ਲਭ ਨੇ ਸਹਿਯੋਗੀ ਯਤਨਾਂ, ਸਾਥੀਆਂ ਦਾ ਸਮਰਥਨ ਕਰਨ ਅਤੇ ਖੋਜਕਾਰਾਂ ਵਿੱਚ ਆਪਸੀ ਸਹਾਇਤਾ ਦੀ ਮਾਨਸਿਕਤਾ ਨੂੰ ਉਤਸ਼ਾਹਿਤ ਕਰਨ ਦੇ ਮੁੱਲ 'ਤੇ ਹੋਰ ਜ਼ੋਰ ਦਿੱਤਾ। ਪ੍ਰੋ. ਸ਼ਲਭ ਨੇ "ਖੋਜ ਪ੍ਰਸਤਾਵ ਕਿਵੇਂ ਤਿਆਰ ਕਰੀਏ" ਵਿਸ਼ੇ ਉੱਤੇ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਨੇ ਇੱਕ ਵਿਆਪਕ ਅਤੇ ਸਵੈ-ਨਿਰਭਰ ਖੋਜ ਪ੍ਰਸਤਾਵ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਜੋ ਫੰਡਿੰਗ ਏਜੰਸੀਆਂ ਲਈ ਇਸਦੀ ਯੋਗਤਾ ਨੂੰ ਜਾਇਜ਼ ਠਹਿਰਾਉਂਦਾ ਹੈ। ਉਨ੍ਹਾਂ ਨੇ ਵਿਭਿੰਨ ਸਮੀਖਿਅਕਾਂ ਲਈ ਭਰੋਸੇਯੋਗਤਾ, ਸਰਲਤਾ ਅਤੇ ਪਹੁੰਚਣਯੋਗਤਾ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇੱਕ ਸੰਖੇਪ ਸਾਰ ਬਣਾਉਣ ਦੀ ਜ਼ਰੂਰਤ ਬਾਰੇ ਦੱਸਿਆ, ਜੋ ਪ੍ਰਸਤਾਵ ਦੇ ਉਦੇਸ਼ਾਂ, ਯੋਗਦਾਨਾਂ, ਸਮਾਜਿਕ ਅਤੇ ਅਕਾਦਮਿਕ ਲਾਭਾਂ ਦੀ ਰੂਪਰੇਖਾ ਦਿੰਦਾ ਹੋਵੇ। ਉਨ੍ਹਾਂ ਕਿਹਾ ਕਿ ਪ੍ਰਸਤਾਵ ਦੀ ਵਿਲੱਖਣਤਾ ਨੂੰ ਯਕੀਨਨ ਤੌਰ 'ਤੇ ਸਪਸ਼ਟ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸੰਬੰਧਿਤ ਖੇਤਰ ਦੇ ਵਿੱਤੀ ਪਹਿਲੂਆਂ ਨੂੰ ਵੀ ਗਹਿਰਾਈ ਨਾਲ ਵਿਚਾਰਿਆ। ਉਨ੍ਹਾਂ ਖੋਜਕਰਤਾਵਾਂ ਨੂੰ ਛੋਟੇ ਪ੍ਰੋਜੈਕਟਾਂ ਨਾਲ ਸ਼ੁਰੂਆਤ ਕਰਨ, ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਸਹੀ ਭਾਸ਼ਾ/ਢੁਕਵੇਂ ਸ਼ਬਦਾਂ ਦੀ ਵਰਤੋਂ ਕਰਨ, ਅੰਤਰ-ਅਨੁਸ਼ਾਸਨੀ ਸਹਿਯੋਗ ਦੀ ਭਾਲ ਕਰਨ, ਕਮੀਆਂ/ਸੀਮਾਵਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਹੱਲ ਕਰਨ, ਅਤੇ ਆਪਣੀ ਪਛਾਣ ਸਥਾਪਤ ਕਰਨ ਲਈ ਨਾਮਵਰ ਜਰਨਲਾਂ ਵਿੱਚ ਪ੍ਰਕਾਸ਼ਤ ਕਰਨ ਲਈ ਕਿਹਾ। ਉਨ੍ਹਾਂ ਨੇ ਸਿੱਖਿਆ ਅਤੇ ਖੋਜ ਗਤੀਵਿਧੀਆਂ ਨੂੰ ਸੰਤੁਲਿਤ ਕਰਨ ਅਤੇ ਇਹ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ ਕਿ ਪ੍ਰੋਜੈਕਟਾਂ ਵਿੱਚ ਸਮਾਜਿਕ ਸਾਰਥਕਤਾ ਅਤੇ ਰੁਜ਼ਗਾਰ ਦੀ ਸੰਭਾਵਨਾ ਹੋਵੇ। ਇਹਨਾਂ ਭਾਸ਼ਣ ਸੈਸ਼ਨਾਂ ਨੇ ਫੈਕਲਟੀ ਮੈਂਬਰਾਂ ਨੂੰ ਆਪਣੇ ਖੋਜ ਪ੍ਰੋਜੈਕਟਾਂ ਨੂੰ ਸਰਗਰਮੀ ਨਾਲ ਅੱਗੇ ਵਧਾਉਣ, ਅੰਤਰ-ਅਨੁਸ਼ਾਸਨੀ ਮੌਕਿਆਂ ਦੀ ਪੜਚੋਲ ਕਰਨ ਅਤੇ ਪ੍ਰਭਾਵਸ਼ਾਲੀ ਕੰਮ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ। ਅੰਤ ਵਿਚ ਯੂਨੀਵਰਸਿਟੀ ਪ੍ਰਬੰਧਕਾਂ ਵੱਲੋਂ ਪ੍ਰੋ. ਸ਼ਲਭ ਨੂੰ ਸਨਮਾਨਿਤ ਕਰਕੇ ਧੰਨਵਾਦ ਕੀਤਾ।





## ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਅੱਜ ਦੀ ਮੀਟਿੰਗ ਵਿੱਚ ਭਾਈ ਨਰੈਣ ਸਿੰਘ ਚੌੜਾ ਅਤੇ ਗਿਆਨੀ ਹਰਪ੍ਰੀਤ ਸਿੰਘ ਜੀ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮਸਲੇ ਦੀ ਪ੍ਰਸ਼ਟੀ ਨਾ ਕਰਨਾ ਪੰਥ ਸ਼ਕਤੀ ਅਤੇ ਪੰਥਕ ਏਕਤਾ ਦੀ ਜਿੱਤ ਹੀ ਮੰਨਿਆ ਜਾ ਸਕਦਾ ਹੈ : ਪੰਜੋਲੀ



**ਨਵੀਂ ਦਿੱਲੀ, 31 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਭਾਈ ਨਰਾਇਣ ਸਿੰਘ ਚੌੜਾ ਨੂੰ ਪੰਥ ਵਿੱਚੋਂ ਛੇਕਣ ਦੇ ਫੈਸਲੇ ਨੂੰ ਰੱਦ ਕਰਨ ਦੀ ਪ੍ਰਕਿਰਿਆ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਪ੍ਰਤੀਕਿਰਿਆ ਕਰਦਿਆਂ ਆਖਿਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜ ਕਰਨੀ ਦੀ ਅੱਜ ਦੀ ਇਕੱਤਰਤਾ ਵਿੱਚ ਜਥੇਦਾਰ ਹਰਪ੍ਰੀਤ ਸਿੰਘ ਬਾਰੇ ਲੈ ਫੈਸਲੇ ਦੀ ਵੀ ਪ੍ਰਸ਼ਟੀ ਨਹੀਂ ਕਰਵਾਈ ਗਈ ਜਿਸ ਦਾ ਅਰਥ ਇਹੀ ਬਣਦਾ ਹੈ ਕਿ ਹੁਣ ਇਹ ਫੈਸਲੇ ਰੱਦ ਹਨ। ਜਥੇਦਾਰ ਪੰਜੋਲੀ ਨੇ ਆਖਿਆ ਕਿ ਇਹ ਫੈਸਲੇ ਸਿਆਸਤ ਤੋਂ ਪ੍ਰੇਰਤ ਸਨ ਅਤੇ ਇਹ ਸਿੱਖ ਇਤਿਹਾਸ ਦੇ ਬਿਲਕੁਲ ਉਲਟ ਸਨ ਉਹਨਾਂ ਆਖਿਆ ਕਿ ਪਹਿਲੇ ਦਿਨ ਤੋਂ ਹੀ ਇਨਾ ਫੈਸਲਿਆਂ ਖਿਲਾਫ ਖਾਲਸਾ ਪੰਥ ਅੰਦਰ ਅੰਤਾਂ ਦਾ ਰੋਹ ਭੜਕਦਾ ਰਿਹਾ ਹੈ ਅਤੇ ਇਹ ਚੰਗੀ ਗੱਲ ਹੈ ਕਿ ਹੁਣ ਸ਼੍ਰੋਮਣੀ ਕਮੇਟੀ ਨੇ ਇਹਨਾਂ ਫੈਸਲਿਆਂ ਦੀ ਪ੍ਰਸ਼ਟੀ ਨਹੀਂ ਕਰਵਾਈ। ਉਹਨਾਂ ਆਖਿਆ ਕਿ ਬਾਦਲ ਦਲ ਦੇ ਆਗੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਸਮੇਤ ਤਖਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਨੂੰ ਕੌਮ ਦੇ ਸਾਹਮਣੇ ਹਾਸੋਹੀਣੀ ਸਥਿਤੀ ਵਿੱਚ ਲਿਆ ਕੇ ਕਸੂਤਾ ਫਸਾ ਦਿੰਦੇ ਹਨ ਉਹਨਾਂ ਆਖਿਆ ਕਿ ਜੇਕਰ ਸ਼੍ਰੋਮਣੀ ਕਮੇਟੀ ਅੱਜ ਇਹ ਫੈਸਲੇ ਰੱਦ ਨਾ ਵੀ ਕਰਦੀ ਤਾਂ ਵੀ ਇਹ ਫੈਸਲੇ ਪੰਥ ਨੇ ਕਦੇ ਪ੍ਰਵਾਨ ਨਹੀਂ ਸੀ ਕਰਨੇ ਉਹਨਾਂ ਆਖਿਆ ਕਿ ਦੋ ਦਸੰਬਰ ਦੇ ਫੈਸਲਿਆਂ ਨੂੰ ਪਲਟਾਉਣ ਲਈ ਗਿਆਨੀ ਹਰਪ੍ਰੀਤ ਸਿੰਘ ਦੇ ਸਿਰ ਤੇ ਤਲਵਾਰ ਲਮਕਾ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਜਥੇਦਾਰ ਰਘਬੀਰ ਸਿੰਘ ਨੂੰ ਸੁਨੇਹਾ ਲਾਇਆ ਜਾ ਰਿਹਾ ਹੈ। ਉਹਨਾਂ ਆਖਿਆ ਕਿ ਜਦ ਆਮ ਆਦਮੀ ਪਾਰਟੀ ਗ੍ਰੰਥੀਆਂ ਅਤੇ ਪੁਜਾਰੀਆਂ ਨੂੰ 18000 ਰੁਪਆ ਮਹੀਨਾ ਦੇਣ ਦੇ ਐਲਾਨ ਕਰਕੇ ਚੋਣਾਂ ਲੜ ਸਕਦੀ ਹੈ ਤਾਂ ਅਕਾਲੀ ਲੀਡਰਸ਼ਿਪ ਕਿਉਂ ਭਰਮ ਫੈਲਾ ਰਹੀ ਹੈ ਕਿ ਜੇ ਅਸੀਂ ਧਰਮ ਤੋਂ ਸੇਧ ਲਈ ਤਾਂ ਮਾਨਤਾ ਰੱਦ ਹੋ ਜਾਏਗੀ। ਉਹਨਾਂ ਆਖਿਆ ਕਿ ਹੇਰਾ ਫੇਰੀ ਠੱਗੀ ਛਲ ਕਪਟ ਬੜੀ ਜਲਦੀ ਨੰਗੇ ਹੋ ਜਾਂਦੇ ਹੁੰਦੇ ਹਨ। ਉਹਨਾਂ ਆਖਿਆ ਕਿ ਖਾਲਸਾ ਪੰਥ ਨੂੰ ਇਹੋ ਜਿਹੇ ਅਕਾਲੀ ਦਲ ਦੀ ਕੋਈ ਲੋੜ ਨਹੀਂ ਜਿਹੜਾ ਸਿੱਖ ਧਰਮ ਨਾਲ ਆਪਣੇ ਸਬੰਧ ਦਿਖਾਉਣ ਤੋਂ ਟਲਦਾ ਅਤੇ ਲੁਕਦਾ ਹੋਵੇ ਅੱਜ ਦੇ ਫੈਸਲਿਆਂ ਲਈ ਉਹਨਾਂ ਨੇ ਸਮੁੱਚੇ ਸਿੱਖ ਜਗਤ ਨੂੰ ਵਧਾਈ ਦਿੱਤੀ ਹੈ।

## ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਵੱਲੋ ਨਵੇਂ ਸਾਲ ਦੀ ਆਮਦ ਮੌਕੇ ਸੰਗਰੂਰ ਵਾਸੀਆਂ ਨੂੰ ਮੁਬਾਰਕਬਾਦ ਭੇਟ

### ਬੱਚਿਆਂ ਅਤੇ ਬਜ਼ੁਰਗਾਂ ਨੂੰ ਠੰਡ ਤੋਂ ਬਚਾਅ ਲਈ ਸਾਵਧਾਨੀਆਂ ਵਰਤਣ ਦੀ ਅਪੀਲ



**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਡਿਪਟੀ ਕਮਿਸ਼ਨਰ ਸੰਗਰੂਰ ਸ਼੍ਰੀ ਸੰਦੀਪ ਰਿਸ਼ੀ ਨੇ ਨਵੇਂ ਸਾਲ ਦੀ ਆਮਦ ਮੌਕੇ ਜ਼ਿਲ੍ਹਾ ਸੰਗਰੂਰ ਦੇ ਨਾਗਰਿਕਾਂ ਨੂੰ ਬਿਹਤਰ ਭਵਿੱਖ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ ਹਨ। ਆਪਣੇ ਵਿਸ਼ੇਸ਼ ਸੰਦੇਸ਼ ਵਿੱਚ ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਰਿਸ਼ੀ ਨੇ ਜ਼ਿਲ੍ਹਾ ਨਿਵਾਸੀਆਂ ਦੀ ਜ਼ਿੰਦਗੀ ਵਿੱਚ ਹੋਰ ਖੁਸ਼ੀਆਂ-ਖੇੜੇ ਅਤੇ ਖੁਸ਼ਹਾਲੀ ਆਉਣ ਦੀ ਕਾਮਨਾ ਕੀਤੀ। ਡਿਪਟੀ ਕਮਿਸ਼ਨਰ ਨੇ ਇਨ੍ਹੀਂ ਦਿਨੀਂ ਵਧ ਰਹੀ ਠੰਡ ਕਾਰਨ ਬੱਚਿਆਂ ਅਤੇ ਬਜ਼ੁਰਗਾਂ ਨੂੰ ਸਿਹਤ ਦਾ ਧਿਆਨ ਰੱਖਦੇ ਹੋਏ ਸਾਵਧਾਨੀਆਂ ਵਰਤਣ ਦੀ ਅਪੀਲ ਵੀ ਕੀਤੀ ਹੈ। ਉਹਨਾਂ ਕਿਹਾ ਕਿ ਬਿਮਾਰੀਆਂ ਤੋਂ ਬਚਾਅ ਲਈ ਖੁਦ ਦਾ ਧਿਆਨ ਰੱਖਿਆ ਜਾਣਾ ਬੇਹੱਦ ਜਰੂਰੀ ਹੈ। ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਸੰਘਣੀ ਧੁੰਦ ਕਾਰਨ ਸੜਕ ਦੁਰਘਟਨਾਵਾਂ ਵਾਪਰਨ ਦਾ ਖਦਸ਼ਾ ਬਣਿਆ ਰਹਿੰਦਾ ਹੈ ਇਸ ਲਈ ਵਾਹਨ ਚਾਲਕ, ਸੜਕਾਂ ਉੱਤੇ ਵਾਹਨ ਚਲਾਉਂਦੇ ਸਮੇਂ ਵਧੇਰੇ ਚੌਕਸੀ ਵਰਤਣ ਅਤੇ ਵਾਹਨਾਂ ਦੇ ਅੱਗੇ ਫੋਗ. ਲਾਈਟਾਂ ਲਗਾਉਣ ਨੂੰ ਤਰਜੀਹ ਦੇਣ।

## ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ 3 ਜਨਵਰੀ

**ਤਲਵੰਡੀ ਸਾਬੋ, 29 ਦਸੰਬਰ (ਗੁਰਜੰਟ ਸਿੰਘ ਨਥੇਹਾ)**-ਇਲਾਕੇ ਦੇ ਨੇੜਲੇ ਪਿੰਡ ਦਾਦੂ ਦੇ ਗੁਰਦੁਆਰਾ ਦਸ਼ਮੇਸ਼ਸਰ ਸਾਹਿਬ ਵਿਖੇ ਸਰਬੰਸਦਾਨੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਮੌਕੇ ਹਰ ਸਾਲ ਦੀ ਤਰ੍ਹਾਂ 3 ਜਨਵਰੀ ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਦਸ਼ਮੇਸ਼ਸਰ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਮਹਾਨ ਨਗਰ ਕੀਰਤਨ ਦਿੱਤੇ ਗਏ ਪ੍ਰੋਗਰਾਮ ਅਨੁਸਾਰ ਸਜਾਇਆ ਜਾਵੇਗੀ, ਜਿਸ ਵਿੱਚ ਪੰਥ ਦਾ ਮਹਾਨ ਢਾਡੀ ਜੱਥਾ ਮੱਘਰ ਸਿੰਘ ਭੌਰਾ ਦਾ ਆਪਣੀਆਂ ਢਾਡੀ ਵਾਰਾਂ ਰਾਹੀਂ ਅਤੇ ਬਾਬਾ ਜੀਤ ਸਿੰਘ ਰੁੱਘੂਆਣਾ ਵਾਲੇ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਗਤਕਾ ਪਾਰਟੀ ਦੇ ਸਿਘ ਆਪਣੇ ਗਤਕੇ ਦੇ ਜੌਹਰ ਦਿਖਾਉਣਗੇ। ਸ਼ਾਮ ਨਗਰ ਕੀਰਤਨ ਦੀ ਗੁਰੂਘਰ ਸਮਾਪਤੀ ਤੋਂ ਬਾਅਦ 6 ਵਜੇ ਆਤਿਸ਼ਬਾਜ਼ੀ ਹੋਵੇਗੀ। ਅਗਲੇ ਦਿਨ 4 ਜਨਵਰੀ ਦਿਨ ਸ਼ਨੀਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕੀਤੇ ਜਾਣਗੇ ਜਿਨ੍ਹਾਂ ਦੇ ਭੋਗ 6 ਜਨਵਰੀ ਦਿਨ ਸੋਮਵਾਰ ਨੂੰ ਸਵੇਰੇ 10:00 ਵਜੇ ਸਵੇਰੇ ਪਾਏ ਜਾਣਗੇ। ਗੁਰਦੁਆਰਾ ਦਸ਼ਮੇਸ਼ਸਰ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਦਰਸ਼ਨ ਸਿੰਘ ਖਾਲਸਾ ਜੀ ਨੇ ਸਮੂਹ ਸੰਗਤਾਂ ਨੂੰ ਇਸ ਸ਼ੁਭ ਮੌਕੇ ਪਹੁੰਚ ਕੇ ਆਪਣਾ ਜੀਵਨ ਸਫਲ ਕਰਨ ਦੀ ਅਪੀਲ ਕੀਤੀ ਹੈ ਅਤੇ ਗੁਰੂ ਮਹਾਰਾਜ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ ਦੀ ਅਪੀਲ ਕੀਤੀ ਹੈ।

## ਲਾਭਪਾਤਰੀਆਂ ਨੂੰ ਘੱਟ ਕਣਕ ਦੇਣ ਵਾਲੇ ਡਿਪੂ ਹੋਲਡਰਾਂ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕੀਤਾ ਜਾਵੇ: ਡਾ: ਅਜੇ ਗੁਪਤਾ

ਅੰਮ੍ਰਿਤਸਰ, 31 ਦਸੰਬਰ (ਆਵਾਜ਼ਿ ਕੌਮ ਬਿਊਰੋ)-ਕੇਂਦਰੀ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਡਾ: ਅਜੇ ਗੁਪਤਾ ਨੇ ਅੱਜ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਵਿਧਾਇਕ ਡਾ: ਗੁਪਤਾ ਨੇ ਸਪੱਸ਼ਟ ਕਿਹਾ ਕਿ ਲਾਭਪਾਤਰੀਆਂ ਨੂੰ ਘੱਟ ਕਣਕ ਦੇਣ ਵਾਲੇ ਡਿਪੂ ਹੋਲਡਰਾਂ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਵਾਰਡ ਵਾਈਜ਼ ਜਿਨ੍ਹਾਂ ਸ਼੍ਰੇਣੀ ਦੇ ਨਵੇਂ ਡਿਪੂ ਅਜੇ ਸ਼ੁਰੂ ਨਹੀਂ ਹੋਏ ਹਨ, ਉਨ੍ਹਾਂ ਨੂੰ ਆਉਂਦੇ ਦਿਨਾਂ ਵਿੱਚ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਾਰੇ ਲਾਭਪਾਤਰੀਆਂ ਦੇ ਬਣੇ ਕਾਰਡਾਂ ਦੀ ਸਮੀਖਿਆ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲਾਭਪਾਤਰੀਆਂ ਦੇ ਕਾਰਡ ਅਜੇ ਤੱਕ ਨਹੀਂ ਬਣੇ ਉਨ੍ਹਾਂ ਦੇ ਤੁਰੰਤ ਪ੍ਰਭਾਵ ਨਾਲ ਕਾਰਡ ਬਣਾਏ ਜਾਣ। ਵਿਧਾਇਕ ਡਾ: ਗੁਪਤਾ ਨੇ ਕਿਹਾ ਕਿ ਵਿਸ਼ੇਸ਼ ਤੌਰ 'ਤੇ ਈ-ਮਜ਼ਦੂਰਾਂ ਦੇ ਕਾਰਡ ਤੁਰੰਤ ਪ੍ਰਭਾਵ ਨਾਲ ਬਣਾਏ ਜਾਣ। ਵਿਧਾਇਕ ਨੇ ਮੌਕੇ 'ਤੇ ਹੀ ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ ਦੇ ਅਧਿਕਾਰੀਆਂ ਤੋਂ ਕੇਂਦਰੀ ਵਿਧਾਨ ਸਭਾ ਹਲਕੇ ਵਿੱਚ ਪੈਂਦੇ ਸਾਰੇ ਡਿਪੂਆਂ ਅਤੇ ਨੀਲੇ ਕਾਰਡ ਧਾਰਕਾਂ ਬਾਰੇ ਜਾਣਕਾਰੀ ਲਈ।

# 2025 ਦੀ ਦਹਿਲੀਜ਼ ’ਤੇ ਖੜ੍ਹਕੇ ਕੁੱਝ ਗੱਲਾਂ





ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

**ਅੱਜ ਈਸਵੀ** ਸੰਮਤ ਦੇ 2024 ਦਾ ਸਾਲ ਆਖਰੀ ਦਿਨ ਭਾਵ 31 ਦਸੰਬਰ ਹੈ, ਕੱਲ੍ਹ ਸੁਬ੍ਹਾ 2025 ਦਾ ਪਹਿਲਾ ਦਿਨ ਹੋਵੇਗਾ । ਇਸ ਹਿਸਾਬ ਨਾਲ, ਇਸ ਵਕਤ ਪੂਰੀ ਦੁਨੀਆ 2025 ਦੀ ਦਹਿਲੀਜ ਉੱਤੇ ਖੜ੍ਹਕੇ, ਸਾਲ 2024 ਨੂੰ ਅਲਵਿਦਾ ਕਹਿ ਰਹੀ ਹੈ, ਜਿਸ ਦਾ ਸਿੱਧਾ ਅਰਥ ਇਹ ਬਣਦਾ ਹੈ ਕਿ ਸਾਡੀ ਸਭਨਾ ਦੀ ਜਿੰਦਗੀ ਵਿਚੋਂ ਇਕ ਸਾਲ ਹੋਰ ਘਟਣ ਜਾ ਰਿਹਾ ਹੈ । ਇਸ ਪ੍ਰਕਾਰ ਅਸੀਂ ਹਰ 12 ਮਹੀਨੇ ਬਾਅਦ, ਬਦਲ ਰਹੇ ਸਾਲਾਂ ਦੀ ਗਿਣਤੀ ਮਿਣਤੀ ਦੇ ਚੱਕਰਵਿਊ ਵਿਚ ਫਸਕੇ, ਆਪਣੇ ਜਿੰਦਗੀ ਦੇ ਅੰਤਿਮ ਸਮੇਂ ਵੱਲ ਨਿਰੰਤਰ ਵਧਦੇ ਹੋਏ ਨੇੜੇ ਹੋਰ ਨੇੜੇ ਹੁੰਦੇ ਜਾ ਰਹੇ ਹਾਂ, ਪਰ ਸਾਡੀ ਆਪਣੀ ਹੋਣੀ ਦੇਖੋ ਕਿ ਸਮੇਂ ਦੇ ਇਸ ਬੇਰੋਕ ਕੁਦਰਤੀ ਪਰਵਾਹ ਤੋਂ ਬੇਮੁੱਖ ਹੋ ਕੇ ਚੇਤਨ / ਆਚੇਤਨ ਇਸ ਘਟਨਾ ਕ੍ਰਮ ਦੇ ਜਸ਼ਨ ਵੀ ਮਨਾ ਰਹੇ ਹਾਂ ।

ਖੈਰ ! ਇਹ ਸਿਲਸਿਲਾ ਚਲਦਾ ਆਇਆ ਹੈ ਤੇ ਇਸੇ ਤਰਾਂ ਚਲਦਾ ਰਹੇਗਾ, ਸਮਾ ਚਲਦਾ ਰਹੇਗਾ, ਸਾਲ ਬਦਲਦੇ ਰਹਿਣਗੇ, ਸੂਰਜ ਚੜ੍ਹਦਾ ਡੁੱਬਦਾ ਰਹੇਗਾ ਤੇ ਉਪਜਣ, ਵਿਗਸਣ ਤੇ ਬਿਨਸਣ ਦੀ ਪ੍ਰਕਿਰਿਆ ਕੁਦਰਤ ਦੇ ਨਿਯਮ ਮੁਤਾਬਿਕ ਚਲਦੀ ਰਹੇਗੀ ।

ਉਂਜ ਜੇਕਰ ਦੇਖਿਆ ਜਾਵੇ ਤਾਂ ਸਾਡੀ ਜਿੰਦਗੀ ਦਾ ਹਰ ਪਲ ਬੇਸਕੀਮਤੀ ਹੈ, ਜਿਸਦੀ ਸਾਨੂੰ ਹਮੇਸ਼ਾ ਕਦਰ ਕਰਨੀ ਚਾਹੀਦੀ ਹੈ, ਪਰ ਹੁੰਦਾ ਅਕਸਰ ਇਹ ਹੈ ਕਿ ਅਸੀਂ ਆਪਣੀ ਇੱਛਾ ਮੁਤਾਬਿਕ ਜਿੰਦਗੀ ਦੇ ਕੁੱਝ ਪਲਾਂ ਨੂੰ ਖਾਸ ਜਾਂ ਆਮ ਮੰਨਕੇ ਚਲਦੇ ਹਾਂ, ਬਹੁਤਾ ਸਮਾਂ ਅਸੀਂ ਜਿੰਦਗੀ ਦੇ ਅਨਮੋਲ ਪਲਾਂ ਦੀ ਖਿੱਲੀ ਹੀ ਉਡਾਉਂਦੇ ਹਾਂ ਜਾਂ ਇੰਜ ਕਹਿ ਲਓ ਕਿ ਬਿਲਕੁਲ ਵੀ ਪਰਵਾਹ ਹੀ ਨਹੀਂ ਕਰਦੇ । ਉਦਾਹਰਣ ਵਜੋਂ, 31 ਦਸੰਬਰ ਤੇ 1 ਜਨਵਰੀ ਦੋਵੇ ਦਿਨ ਵੀ ਸਾਲ ਦੇ ਬਾਕੀ ਦਿਨਾਂ ਵਰਗੇ ਹੀ ਹੁੰਦੇ ਹਨ, ਇਹਨਾਂ ਦੋਹਾਂ ਦਿਨਾਂ ਦੌਰਾਨ ਵੀ ਸੂਰਜ, ਚੰਦ, ਸਿਤਾਰੇ ਤੇ ਬਾਕੀ ਗ੍ਰਹਿ ਕੁਦਰਤ ਦੇ ਨੇਮ ਮੁਤਾਬਿਕ ਪਹਿਲਾਂ ਵਾਂਗ ਹੀ ਵਿਚਰਦੇ ਹਨ ਭਾਵ ਇਹਨਾਂ ਦੀ ਰਫਤਾਰ ਵਿਚ ਕੋਈ ਖਾਸ ਤਬਦੀਲੀ ਨਹੀਂ ਆਉਂਦੀ, ਪਰ ਮਨੁੱਖ ਕਾਲ ਨਾਲ ਬੱਧਾ ਹੋਣ ਕਰਕੇ, ਇਹਨਾਂ ਦਿਨਾਂ ਦੌਰਾਨ ਆਪਣੇ ਅੰਦਰ ਕੋਈ ਖਾਸ ਤਬਦੀਲੀ ਦਾ ਅਹਿਸਾਸ ਜਰੂਰ ਮਹਿਸੂਸ ਕਰਦਾ ਹੈ । ਇਹ ਵੀ ਸੱਚ ਹੈ ਕਿ ਇਹ ਤਬਦੀਲੀ ਬਾਹਰੀ ਹੋਣ ਦੀ ਬਜਾਏ ਅੰਦਰੂਨੀ ਹੁੰਦੀ ਹੈ ।

ਪੁਰਾਣੇ ਨੂੰ ਵਿਦਾ ਕਹਿਕੇ, ਨਵੇਂ ਸਾਲ ਵਿਚ ਪਰਵੇਸ਼ ਕਰਨ ਤੋਂ ਬਾਅਦ ਸਾਡੇ ਵਿਚੋਂ ਬਹੁਗਿਣਤੀ ਲੋਕ, ਪਲਾਂ ਵਿਚ ਹੀ ਆਪਣੇ ਨਿੱਤ ਦੇ ਵਰਤਾਰੇ ਵਿਚ ਰੁੱਝ ਜਾਂਦੇ ਹਨ, ਕੋਈ ਸੋਚ ਵਿਚ ਤਬਦੀਲੀ ਨਹੀਂ ਤੇ ਨਾ ਹੀ ਵਿਵਹਾਰ ਵਿਚ, ਦੋਸਤੀਆਂ, ਰਿਸ਼ਤੇ, ਕੰਮ ਧੰਦੇ ਤੇ ਦੇਣਦਾਰੀਆਂ ਵੀ ਓਹੀ ਪਹਿਲਾਂ ਵਾਲੀਆਂ, ਪਰੈਕਟੀਕਲੀ ਮੁੜ ਤੋਂ ਓਹੀ ਕੋਹਲੂ ਦਾ ਗੇੜ ਜਾਂ ਕਹਿ ਲ਼ਓ ਕਿ ਖੋਤੀ ਬੋਹੜ ਹੇਠ ਆ ਜਾਂਦੀ ਹੈ । ਜਿਹੜੀ ਗੱਲ ਸਮਝੋ ਪਰੇ ਦੀ ਹੈ, ਉਹ ਇਹ ਕਿ ਏਡਾ ਵੱਡਾ ਪਰਪੰਚ ਰਚਣ ਤੋਂ ਬਾਅਦ ਵੀ ਜੇਕਰ ਕੁੱਝ ਨਵਾਂ ਨਹੀਂ ਰਚਿਆ ਜਾਂ ਵਾਪਰਿਆ ਤਾਂ ਫਿਰ ਪਹਿਲਾ ਸਾਲ ਪੁਰਾਣਾ ਕਿਵੇਂ ਤੇ ਕੈਲੰਡਰ ਬਦਲ ਜਾਣ ਤੋਂ ਬਾਅਦ ਕਥਿਤ ਨਵਾਂ ਸਾਲ ਫਿਰ ਨਵਾਂ ਕਿਵੇਂ ਹੋਇਆ ? ਬਦਲਿਆ ਤਾਂ ਸਿਰਫ ਦਿਨ ਹੈ ਤੇ ਉਹ ਜੀਵਨ ਰਹਿੰਦੇ ਹਰ ਚੌਵੀ ਘੰਟੇ ਬਾਅਦ ਬਦਲਦਾ ਹੀ ਰਹਿੰਦਾ ਹੈ, ਕੁਦਰਤ ਦਾ ਇਹ ਵਰਤਾਰਾ ਬਦਲਾਵ ਦੇ ਨਿਯਮ ਮੁਤਾਬਿਕ, ਜੁੱਗਾਂ ਜੁੱਗਾਂਤਰਾ ਤੋਂ ਅਰੋਕ ਚਲਦਾ ਆਇਆ ਹੈ ਤੇ ਚਲਦਾ ਰਹੇਗਾ ਵੀ, ਇਸ ਕੁਦਰਤੀ ਵਰਤਾਰੇ ਵਿਚ ਹਮੇਸ਼ਾ ਰਵਾਨਗੀ ਅਤੇ ਨਵਾਂਪਨ ਹੈ ਤੇ ਰਹੇਗਾ ਵੀ, ਜੋ ਸਾਡੀ ਸਮਝ ਤੋਂ ਊਨਾ ਚਿਰ ਬਾਹਰ ਰਹੇਗਾ ਜਿੰਨਾ ਚਿਰ ਅਸੀਂ ਇਸ ਵਰਤਾਰੇ ਨੂੰ ਸਿਰਫ ਯਾਂਤਰਿਕ ਸਮਝਣ ਤੱਕ ਸੀਮਤ ਰਹਾਂਗੇ ।

ਜਦੋਂ ਅਸੀਂ ਇਸ ਕੁਦਰਤੀ ਵਰਤਾਰੇ ਦੀ ਅਸਲ ਰਮਝ ਨੂੰ ਸਮਝ ਲਵਾਂਗੇ ਤਾਂ ਸ਼ਾਡੇ ਅੰਦਰ ਸਹੀ ਰੂਪ ਵਿਚ ਨਵੇਂਪਨ ਨੂੰ ਸਮਝਣ ਦਾ ਅਹਿਸਾਸ ਪੈਦਾ ਹੋਵੇਗਾ. ਹਰ ਰੋਜ ਹੀ ਨਹੀਂ ਬਲਕਿ ਹਰ ਪਲ ਸਾਡੀ ਸੋਚ ਅੰਦਰ ਨਵੀਂ ਧਾਰਾ ਦਾ ਚਸ਼ਮਾ ਫੁੱਟੇਗਾ ਤੇ ਉਸ ਦੀ ਧਾਰਾ ਰਵਾਰਵ ਵਹੇਗੀ ਜੋ ਸਾਨੂੰ ਇਸ ਸੰਸਾਰ ਵਿਚ ਨਵਾਂ ਸਿਰਜਣ ਦੀ ਸੇਧ ਵੀ ਦੇਵੇਗੀ ਤੇ ਸ਼ਕਤੀ ਵੀ । ਫਿਰ ਆਪਣੀ ਸਹੂਲਤ ਦੁਆਰਾ ਕੀਤੀ ਗਈ ਸਮੇਂ ਦੀ ਵੰਡ ਸਾਡੇ ਅੰਦਰੋਂ ਮਨਫੀ ਹੋ ਜਾਵੇਗੀ ਤੇ ਰਵਾ ਰਵੀਂ ਚਲਦੀ ਹੋਈ ਜਿੰਦਗੀ ਨਵੇਂ ਮੀਨਾਰੇ ਸਿਰਜਣ ਲੱਗੇਗੀ ।

ਸਾਲਾਂ ਦੀ ਇਸ ਆਮਦ ਜਾਮਦ ਦੇ ਇਸ ਪੰਧ ਉੱਤੇ ਜੇਕਰ ਅਸੀਂ ਸਿਰਫ ਜਸ਼ਨ ਹੀ ਮਨਾਉਂਦੇ ਹਾਂ ਤਾਂ ਉਹਨਾਂ ਦੀ ਬਿਲਕੁਲ ਵੀ ਕੋਈ ਸਾਰਥਿਕਤਾ ਨਹੀਂ । ਹਾਂ, ਜੇਕਰ ਇਸ ਮੁਕਾਮ ਉੱਤੇ ਪਹੁੰਚ ਕੇ ਅਸੀਂ ਆਪਣੇ ਜੀਵਨ ਦੇ ਮਨਫੀ ਹੋ ਰਹੇ ਸਾਲ ਦੇ ਪਿਛਲੇ 12 ਮਹੀਨਿਆਂ ਦਾ ਮੁਲਾਂਕਣ ਕਰਦੇ ਹਾਂ, ਕੀ ਖੱਟਿਆ ਤੇ ਕੀ ਗਵਾਇਆ ਦੀ ਪੁਣ ਛਾਣ ਕਰਨ ਦੇ ਨਾਲ ਨਾਲ ਆਪਣੀਆਂ ਗਲਤੀਆਂ ਦੀ ਨਿਸ਼ਾਨ ਦੇਹੀ ਕਰਕੇ ਭਵਿੱਖ ਵਿਚ ਉਹਨਾਂ ਨੂੰ ਸੋਧਣ ਅਤੇ ਮੁੜ ਤੋਂ ਨਾ ਦੁਹਰਾਉਣ ਦਾ ਪ੍ਰਣ ਲੈਂਦੇ ਹਾਂ, ਤਾਂ ਮਨੁੱਖ ਵਲੋਂ ਆਪਣੀ ਸਹੂਲਤ ਵਾਸਤੇ ਕੀਤੀ ਗਈ ਇਸ ਸਾਲ ਜਾਂ ਕਾਲ ਵੰਡ ਦਾ ਭਰਪੂਰ ਲਾਹਾ ਜਰੂਰ ਲਿਆ ਜਾ ਸਕਦਾ ਹੈ।

ਹੋਰ ਵੀ ਚੰਗਾ ਹੋਵੇਗਾ, ਜੇਕਰ ਇਸ ਮੌਕੇ ਕੋਈ ਮਤਾ ਪਾ ਲਿਆ ਜਾਵੇ, ਨਵੇ ਸਾਲ ਦੇ ਅਗਲੇ 12 ਮਹੀਨਿਆਂ ਬਾਰੇ ਕੋਈ ਨਿਸ਼ਾਨਾ ਮਿਥ ਲਿਆ ਜਾਵੇ ਤੇ ਉਸ ਨੂੰ ਪੂਰਾ ਕਰਨ ਵਾਸਤੇ ਯਤਨ ਆਰੰਭੇ ਜਾਣ । ਇਸ ਤਰਾਂ ਕਰਨ ਨਾਲ ਜਿੰਦਗੀ ਨੂੰ ਇਕ ਮਕਸਦ ਵੀ ਮਿਲ ਜਾਵੇਗਾ ਤੇ ਜਿੰਦਗੀ ਵਿਚੋਂ ਨੀਰਸਤਾ ਤੇ ਬੋਝਲਪਨ ਵੀ ਕਾਫੂਰ ਹੋ ਜਾਵੇਗਾ । ਕਹਿਣ ਦਾ ਭਾਵ ਇਹ ਹੈ ਕਿ ਛੋਟੀ ਜਿਹੀ ਜਿੰਦਗੀ ਵਿਚਲੇ ਸਮੇਂ ਨੂੰ ਯੋਜਨਾਬੱਧ ਤਰਤੀਬ ਦੇਣ ਨਾਲ, ਸਮੇਂ ਦੀ ਕਾਲਵੰਡ ਤੋਂ ਆਪਣਾ ਧਿਆਨ ਹਟਾ ਕੇ ਆਪਣੇ ਉਦੇਸ਼ ਵੱਲ ਲਗਾ ਕੇ, ਜਿੰਦਗੀ ਸਫਲ ਕੀਤੀ ਜਾ ਸਕਦੀ ਹੈ ਤੇ ਅਸਲ ਖੁਸ਼ੀਆਂ ਦਾ ਖਜਾਨਾ ਵੀ ਲੁੱਟਿਆ ਜਾ ਸਕਦਾ ਹੈ।

ਜਿੰਦਗੀ ਨੂੰ ਕਦੇ ਵੀ ਸਾਲਾਂ ਵਿਚ ਨਾ ਮਿਣੋ, ਜੇਕਰ ਅਜਿਹਾ ਕਰਾਂਗੇ, ਛੇਤੀਂ ਬੁੱਢੇ ਹੋ ਜਵਾਂਗੇ, ਜਿੰਦਗੀ ਨੂੰ ਤਰਤੀਬ ਦੇਣ ਅਤੇ ਨਿਸ਼ਾਨਾ ਮਿੱਥਕੇ ਚੱਲਣ ਨਾਲ ਕਾਮਯਾਬੀ ਤੇ ਆਨੰਦ ਦੋਵੇਂ ਇਕੋ ਸਮੇ ਪਰਾਪਤ ਹੋਣਗੇ । ਸੋ ਜਿੰਦਗੀ ਨੂੰ ਸਾਲਾਂ ਵਿਚ ਗਿਣਨ ਜਾਂ ਮਿਣਨ ਦੀ ਬਜਾਏ ਆਪਣੀਆਂ ਪਰਾਪਤੀਆਂ ਵਿਚ ਮਿਣੋ, ਅਜਿਹਾ ਕਰਨ ਨਾਲ ਜਿੰਦਗੀ ਖੁਸ਼ਹਾਲ ਤੇ ਭਰਪੂਰ ਹੋਣ ਦੇ ਨਾਲ ਨਾਲ ਉਮਰ ਦੇ ਸਾਲਾਂ ਦੀ ਗਿਣਤੀ ਮਿਣਤੀ ਤੋਂ ਵੀ ਪਾਰ ਹੋ ਜਾਵੇਗੀ ।

ਆਪਣੀਆਂ ਚੰਗੀਆਂ ਪਰਾਪਤੀਆਂ ਜਿਥੇ ਸਕੂਨ ਦੇਂਦੀਆਂ ਹਨ ਉਥੇ ਤੰਦਰੁਸਤੀ ਤੇ ਆਨੰਦ ਦੇ ਨਾਲ ਨਾਲ ਸਮਾਜਿਕ ਇੱਜਤ ਮਾਣ ਅਤੇ ਰੁਤਬੇ ਨੂੰ ਵੀ ਬੁਲੰਦ ਕਰਦੀਆਂ ਹਨ, ਜਿਸ ਕਾਰਨ ਉਮਰ ਦੇ ਸਾਲਾਂ ਦੀ ਗਿਣਤੀ ਦੀ ਕੋਈ ਅਹਿਮੀਅਤ ਨਹੀਂ ਰਹਿ ਜਾਂਦੀ ਤੇ ਨਾ ਹੀ ਸਹਿਜੇ ਕੀਤਿਆਂ ਬੁਢਾਪਾ ਨੇੜੇ ਢੁੱਕਦਾ ਹੈ । ਇਹ ਵੀ ਹਿਸਾਬ ਰੱਖੋ ਕਿ ਹੁਣ ਤੱਕ ਕਿੰਨੇ ਕੁ ਚੰਗੇ ਦੋਸਤ ਬਣਾਏ ਹਨ, ਕਿੰਨੇ ਕੁ ਲੋਕਾਂ ਦੇ ਚੇਹਰੇ ਸਾਡੇ ਕਾਰਨ ਖੁਸ਼ੀ ਨਾਲ ਖਿੜੇ ਹਨ, ਅਸੀਂ ਹੁਣ ਤੱਕ ਕਿੰਨੇ ਕੁ ਲੋੜਵੰਦ ਲੋਕਾਂ ਦੇ ਕੰਮ ਆਏ ਹਾਂ ਜਾਂ ਫਿਰ ਸਾਡੀ ਸਮਾਜ ਨੂੰ ਕੀ ਦੇਣ ਹੈ ਆਦਿ ਕਾਰਜਾਂ ਦੀ ਗਿਣਤੀ ਮਿਣਤੀ ਰੱਖੋ ਕਿਉਂਕਿ ਇਸ ਤਰਾਂ ਕਰਨ ਨਾਲ ਵੀ ਆਪਣੀ ਉਮਰ ਤੇ ਕੱਦ ਨੂੰ ਮਾਪਿਆ ਜਾ ਸਕਦਾ ਹੈ ।

ਬੁਢਾਪਾ ਕੁਦਰਤ ਦੇ ਨਿਯਮ ਮੁਤਾਬਿਕ ਜਰੂਰ ਆਵੇਗਾ ਪਰ ਜੇਕਰ ਬਿਰਤੀ ਉਕਤ ਮੁਤਾਬਿਕ ਸਾਧ ਲਈ ਗਈ ਹੋਵੇਗੀ ਤਾਂ ਇੱਕ ਤਾਂ ਬੁਢਾਪਾ ਛੇਤੀਂ ਕੀਤਿਆਂ ਨੇੜੇ ਨਹੀ ਫਟਕੇਗਾ ਦੂਜਾ ਸਫਲ ਤੇ ਆਨੰਦ ਦਾਇਕ ਹੋ ਜਾਵੇਗਾ । ਇਸ ਦੇ ਨਾਲ ਹੀ ਜਿੰਦਗੀ ਨਾਲ ਅੰਤਿਮ ਸਮੇਂ ਕੋਈ ਵੀ ਗਿਲਾ ਬਾਕੀ ਨਹੀਂ ਰਹੇਗਾ । ਇਸ ਦੇ ਨਾਲ ਹੀ ਜੇਕਰ ਆਪਣੀ ਜਿੰਦਗੀ ਦਾ ਇਹ ਅਸੂਲ ਬਣਾਈਏ ਕਿ ਹਰ ਸਮੇ ਚੰਗਾ ਸੋਚਾਂਗੇ, ਚੰਗਾ ਵੰਡਾਂਗੇ, ਜੇਕਰ ਕਿਸੇ ਦਾ ਭਲਾ ਨਹੀਂ ਕਰ ਸਕਦੇ ਤਾਂ ਬੁਰਾ ਵੀ ਨਹੀਂ ਚਿਤਵਾਂਗੇ, ਚੁਗਲੀ ਤੇ ਚੁਗਲਖੋਰਾਂ ਦੀ ਸੰਗਤ ਤੋ ਦੂਰ ਰਹਿੰਦੇ ਹੋਏ ਨਖਿੱਧਵਾਚੀ ਤੇ ਗੁਸੈਲੀ ਸੋਚ ਵਾਲੇ ਲੋਕਾਂ ਨੂੰ ਦੂਰ ਤੋਂ ਨਮਸਕਾਰ ਕਰਨ ਦੀ ਆਦਤ ਪਾਵਾਂਗੇ ਤਾਂ ਸਮਝ ਲਓ ਕਿ ਸਾਡੇ ਵਾਸਤੇ ਨਵੇਂ ਪੁਰਾਣੇ ਸਾਲਾਂ ਦਾ ਕੋਈ ਮਹੱਤਵ ਹੀ ਨਹੀ ਰਹਿ ਜਾਵੇਗਾ ।

ਦਰਅਸਲ ਨਵਾਂ ਸਾਲ ਤਦ ਹੀ ਨਵਾਂ ਹਣ ਸਕੇਗਾ ਜਾਂ ਮੰਨਿਆ ਜਾ ਸਕੇਗਾ ਜੇਕਰ ਅਸੀਂ ਆਪਣੇ ਪਿਛੋਕੜ ਦਾ ਮੁਲਾਂਕਣ ਕਰਕੇ, ਲੋੜ ਮੁਤਾਬਿਕ ਆਪਣੀ ਸੋਚ ਤੇ ਵਿਹਾਰ ਵਿਚ ਨਵਾਂਪਣ ਲਿਆਂਵਾਂਗੇ, ਨਹੀਂ ਤਾਂ ਸਾਲਾਂ ਦੀ ਗਿਣਤੀ ਦੇ ਗਣਿਤ ਵਿਚ ਫਸਕੇ ਸਾਡਾ ਜੀਵਨ ਦੁੱਖਾਂ ਤੇ ਅਸਫਲਤਾਵਾਂ ਦੇ ਮੰਝਧਾਰ ਵਿਚ ਗੋਤੇ ਖਾਂਦਿਆਂ ਹੀ ਬੀਤ ਜਾਵੇਗਾ ।

ਮੁਕਦੀ ਗੱਲ ਇਹ ਕਿ ਸਾਲ ਤਾਂ ਹਰ ਸਾਲ ਬਦਲਦਾ ਰਿਹਾ ਹੈ ਤੇ ਬਦਲਦਾ ਰਹੇਗਾ, ਗੱਲ ਤਾਂ ਬਣਦੀ ਹੈ, ਜੇਕਰ ਸਾਲ ਬਦਲਣ ਦੇ ਨਾਲ ਆਪਣੇ ਆਪ ਨੂੰ ਵੀ ਬਦਲਿਆ ਜਾਵੇ, ਆਪਣੇ ਆਪ ਦੀ ਪੁਨਰ ਸਿਰਜਣਾ ਕੀਤੀ ਜਾਵੇ, ਬਾਕੀਆਂ ਨਾਲੇ ਕੁੱਝ ਵੱਖਰਾ ਕਰਕੇ ਆਪਣੀ ਵਿਲੱਖਣ ਹੋਂਦ ਸਥਾਪਤ ਕੀਤੀ ਜਾਵੇ । ਇਸ ਤਰਾਂ ਕਰਕੇ ਜੇਕਰ ਨਵੇਂ ਸਾਲ ਦਾ ਸਵਾਗਤ ਕੀਤਾ ਜਾਵੇ ਤਾਂ ਇਹ ਨਿਸਚੇ ਹੀ ਬਹੁਤ ਸਾਰਥਿਕ ਤੇ ਆਨੰਦਦਾਇਕ ਕਾਰਜ ਹੋਵੇਗਾ ।

ਮੇਰੇ ਕਹਿਣ ਦਾ ਤੱਤਸਾਰ ਇਹ ਹੈ ਕਿ ਸਾਲ ਤਾ ਬਦਲਦੇ ਹੀ ਰਹਿਣਗੇ, ਅਜਿਹਾ ਹੋਣ ਵਿਚ ਕੋਈ ਨਵਾਪਨ ਨਹੀਂ, ਅਸੀਂ ਦੂਜਿਆਂ ਨੂੰ ਨਹੀ ਬਦਲ ਸਕਦੇ, ਹਾਂ, ਆਪਣੇ ਆਪ ਨੂੰ ਬਦਲਕੇ, ਉਹਨਾਂ ਵਾਸਤੇ ਪਰੇਰਕ ਬਣ ਸਕਦੇ ਹਾਂ, ਸੋ ਕਿੰਨਾ ਚੰਗਾ ਹੋਵੇਗਾ ਜੇਕਰ ਅਸੀਂ ਆਪ ਵਿਚ ਬਦਲਾਵ ਲਿਆਂਉਣ ਦਾ ਯਤਨ ਕਰੀਏ ।

ਇਸ ਦੇ ਨਾਲ ਹੀ ਮੈਂ ਆਪਣੀ ਕਲਮ ਨੂੰ ਇਥੇ ਵਿਰਾਮ ਲਗਾਉਂਦਾ ਹੋਇਆ, ਆਪ ਸਭ ਦੋਸਤਾਂ ਨੂੰ 2025 ਦੀਆਂ ਹਾਰਦਿਕ ਸ਼ੁਭਕਾਮਨਾਵਾਂ ਪੇਸ਼ ਕਰਦਾ ਹੋਇਆ ਕਾਮਨਾ ਕਰਦਾਂ ਹਾਂ ਕਿ ਆਪ ਸਭ ਦਾ ਆਉਣ ਵਾਲਾ ਸਮਾ ਬਹੁਤ ਹੀ ਖੁਸ਼ਹਾਲ ਤੇ ਕਾਮਯਾਬੀਆਂ ਵਾਲਾ ਹੋਵੇ, ਆਪ ਨੇ ਜੋ ਵੀ ਯੋਜਨਾਵਾਂ ਉਲੀਕੀਆਂ ਹੋਈਆਂ ਹਨ, ਮਤੇ ਪਾਏ ਹੋਏ ਹਨ, ਉਹ ਨੇਪਰੇ ਚੜ੍ਹਨ, ਤੰਦਰੁਸਤੀ, ਸੁੱਖ ਸ਼ਾਂਤੀ ਬਣੀ ਰਹੇ, ਆਪਸੀ ਪਿਆਰ ਤੇ ਭਾਈਚਾਰਾ ਵਧਣ ਫੁੱਲਣ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਕਿਥੇ ਯਾਰਾ



ਗੁਰਬਤ ਦੀ ਜਿੰਦਗੀ ਜੀ ਰਿਹਾ ,
ਘੁੱਟ ਘੁੱਟ ਹੰਝੂਆਂ ਦਾ ਪੀ ਰਿਹਾ ।
ਪੱਥਰ ਬਣ ਸਮੇਂ ਦੀਆ ਮਾਰਾਂ ਨੂੰ ,
ਦਿਲ ਆਪਣੇ ਤੇ ਸਹਿ ਰਿਹਾ,
ਕਿਥੇ ਯਾਰਾਂ ਕੌਣ ਕਿਸੇ ਨੂੰ ,
ਨਵਾਂ ਸਾਲ ਮੁਬਾਰਕ ਕਹਿ ਰਿਹਾ।
ਗੈਸ ਸਿਲੰਡਰ ਮੁਕ ਗਿਆ,
ਬਸ ਰੋਟੀ ਦਾ ਫਿਕਰ ਹੈ ,
ਜਾਅ ਉਹਦੇ ਘਰ ਦੇਖ ,
ਕਿਥੇ ਨਵੇ ਸਾਲ ਦਾ ਜਿਕਰ ਹੈ,
ਉਹ ਤਾਂ ਡਰਿਆ ਤੇ ਸਹਿਮਿਆ,
ਕਿਉਕਿ ਉਸਦਾ ਘਰ ਢਹਿ ਰਿਹਾ ।
ਕਿਥੇ ਯਾਰਾਂ ਕੌਣ ਕਿਸੇ ਨੂੰ ,
ਨਵਾਂ ਸਾਲ ਮੁਬਾਰਕ .............
ਚਿੱਟਾ ਖਾ ਮਰ ਗਿਆ ਪੁੱਤ ,
ਹੋ ਗਿਆ ਉਸਦਾ ਘਰ ਖਾਲੀ,
ਰੁਸ ਗਈਆਂ ਖੁਸ਼ੀਆ ,
ਅੱਖਾਂ ਚ’ ਛੱਡ ਗਈਆਂ ਲਾਲੀ,
ਉਹਨੂੰ ਜਾ ਕੇ ਪੁਛੋ ਕੋਈ,
ਉਹ ਧਰਤੀ ਤੇ ਕਿਵੇ ਰਹਿ ਰਿਹਾ।
ਕਿਥੇ ਯਾਰਾਂ ਕੌਣ ਕਿਸੇ ਨੂੰ,
ਨਵਾਂ ਸਾਲ ਮੁਬਾਰਕ............
ਰੋਜ ਸੁਪਨੇ ਲੈਂਦਾ ’ਦਰਦੀ’,
ਰੋਜ ਹੀ ਸੁਪਨੇ ਮਰਦੇ ,
ਸੂਲੀ ਚੜਦੇ ਈਸਾ ਵਾਗੂ ,
ਹਾਕਮਾਂ ਹੱਥੋ ਹਰ ਦੇ ,
ਮਹਿੰਗਾਈ ਦੇ ਭਾਰ ਨਾਲ,
ਹਰ ਬੰਦਾ ਏਥੇ ’ਸ਼ਿਵ’ ਢਹਿ ਰਿਹਾ।
ਕਿਥੇ ਯਾਰਾਂ ਕੌਣ ਕਿਸੇ ਨੂੰ ,
ਨਵਾਂ ਸਾਲ ਮੁਬਾਰਕ............

-ਸ਼ਿਵਨਾਥ ਦਰਦੀ ਫ਼ਰੀਦਕੋਟ, ਸੰਪਰਕ:- 9855155392

ਆਵਾਜ਼ਿ ਕੌਮ AWAZE QAUM International Newspaper & WEB TV

## ਮੈਂ ਪੰਜਾਬ ਹਾਂ

ਮੈਂ ਅਜ਼ਾਦ ਨਹੀਂ ਗੁਲਾਮ ਹਾਂ,
ਗੁਲਾਮ ਹਾਂ ਸੋਚ ਦਾ,
ਗੁਲਾਮ ਹਾਂ ਕਨੂੰਨ ਦਾ,
ਗੁਲਾਮ ਹਾਂ ਧਰਮ ਦਾ,
ਗੁਲਾਮ ਹਾਂ ਸਰਕਾਰ ਦਾ,
ਮੈਂ ਅਜ਼ਾਦ ਨਹੀਂ ਗੁਲਾਮ ਹਾਂ,

ਸਾਡੇ ਵੀਰ ਤੇ ਭੈਣਾਂ
ਦਿੱਲੀ ਦੀਆਂ ਸੜਕਾਂ ਤੇ ਬੈਠੇ
ਪਿਛਲੇ ਇੱਕ ਸਾਲ ਤੋਂ
ਕੀ ਮੈਂ ਅਜ਼ਾਦ ਹਾਂ ????

ਮਾਂਵਾਂ ਦੇ ਪੁੱਤਾਂ ਨੇ
ਜਵਾਨੀ ਗਾਲ ਦਿੱਤੀ ਜੇਲਾਂ ਵਿੱਚ
ਪਿਛਲੇ ਕਈ ਸਾਲਾਂ ਤੋਂ
ਕੀ ਮੈਂ ਅਜ਼ਾਦ ਹਾਂ ?????

ਸੱਤਾ ਦੇ ਨਸ਼ੇ ਵਿੱਚ
ਸਿੰਘ ਸੂਰਮੇ ਸ਼ਹੀਦ ਕਰ ਦਿੱਤੇ
ਕੀ ਮੈਂ ਅਜ਼ਾਦ ਹਾਂ ?????

ਨਸ਼ਿਆਂ ਵਿੱਚ
ਜਿੰਦਗੀਆਂ ਮੁੱਕ ਗਈਆਂ
ਕੀ ਮੈਂ ਅਜ਼ਾਦ ਹਾਂ ????

ਝੂਠੇ ਮੁਕਾਬਲੇ ਬਣਾ
ਗੈਂਗਸਟਰ ਕਹਿ ਕੇ
ਮੌਤ ਦੇ ਘਾਟ ਉਤਾਰ ਦਿੱਤੇ ਨੌਜਵਾਨ
ਕੀ ਮੈਂ ਅਜ਼ਾਦ ਹਾਂ ????

ਕਰਜ਼ਿਆਂ ਨੇ ਮਰਣ ਤੇ
ਮਜਬੂਰ ਕਰ ਦਿੱਤਾ
ਕੀ ਮੈਂ ਅਜ਼ਾਦ ਹਾਂ ????

ਰੋਜ਼ਗਾਰ ਲਈ ਅਤੇ ਇਨਸਾਫ ਲਈ
ਧਰਨੇ ਲਾਉਣੇ ਪੈਂਦੇ ਨੇ
ਕੀ ਮੈਂ ਅਜ਼ਾਦ ਹਾਂ ???

ਸ਼ਾਂਤਮਈ ਧਰਨਿਆਂ ਤੇ
ਡੰਡੇ ਚੱਲਦੇ, ਗੋਲੀਆਂ ਚਲਦੀਆਂ
ਕੀ ਮੈਂ ਅਜ਼ਾਦ ਹਾਂ ????

ਧੀਆਂ ਦੀ
ਬੇਕਦਰੀ ਹੁੰਦੀ ਇੱਥੇ
ਕੀ ਮੈਂ ਅਜ਼ਾਦ ਹਾਂ ????

ਮੈਂ ਅਜ਼ਾਦ ਨਹੀਂ ਗੁਲਾਮ ਹਾਂ,
ਲਹਿੰਦਾ ਪੰਜਾਬ
ਹਿਮਾਚਲ ਅਤੇ ਹਰਿਆਣਾ
ਵੱਖ ਕਰ ਦਿੱਤੇ ਮੇਰੇ ਤੋਂ
ਮੈਂ ਉਹ ਪੰਜਾਬ ਹਾਂ,

ਅਜ਼ਾਦ ਭਾਰਤ ਵਿੱਚ
ਗੁਲਾਮੀ ਦੀਆਂ ਜੰਜੀਰਾਂ ਵਿੱਚ
ਜਕੜਿਆ ਮੈਂ ਪੰਜਾਬ ਹਾਂ,

ਮੈਂ ਅਜ਼ਾਦ ਨਹੀਂ ਗੁਲਾਮ ਹਾਂ,
ਮੈਂ ਪੰਜਾਬ ਹਾਂ

-ਰਸ਼ਿਪੰਦਰ ਕੌਰ ਗਿੱਲ
ਸੰਸਥਾਪਕ, ਪ੍ਰਧਾਨ
ਪੀਂਘਾਂ ਸੋਚ ਦੀਆਂ-ਸਾਹਿਤ ਮੰਚ,
ਪਬਲੀਕੇਸ਼ਨ, ਮੈਗਜ਼ੀਨ
+91-9888697078



ਆਵਾਜ਼ਿ ਕੌਮ AWAZE QAUM International Newspaper & WEB TV